COMPUTER SCIENCE

ਵਿਦਿਅਕ
ਮੈਗਜ਼ੀਨ
ਅੰਕ ਪਹਿਲਾ
2021

# ICT ਪਰਵਾਜ਼



# ICT ਪਰਵਾਜ਼

ਆਈਸੀਟੀ ਪਰਵਾਜ਼
ਕੰਪਿਊਟਰ ਮੈਗਜ਼ੀਨ
2021


<u>ਸੰਪਾਦਕ</u>
ਅੰਮ੍ਰਿਤਪਾਲ ਸਿੰਘ
ਕੰਪਿਊਟਰ ਫੈਕਲਟੀ
ਸ.ਸ.ਸ.ਸ. ਛਪਾਰ
ਲੁਧਿਆਣਾ
9914310063


<u>ਰਚਨਾਵਾਂ ਭੇਜਣ ਦਾ ਪਤਾ</u>
ictparwaaz@gmail.com

**<u>YouTube ਚੈਨਲ</u>**
ICTPARWAAZ


ਪਰਚੇ ਵਿੱਚ ਲੇਖਕਾਂ (ਅਧਿਆਪਕਾਂ ਅਤੇ ਵਿਦਿਆਰਥੀਆਂ) ਵੱਲੋਂ ਲਿਖੇ ਗਏ ਲੇਖ, ਕਵਿਤਾਵਾਂ ਅਤੇ ਹੋਰ ਸਮੱਗਰੀ ਲੇਖਕ ਦੀ ਸਵੈ-ਲਿਖਤ ਹੋਣ ਦਾ ਸਾਡੇ ਕੋਲ ਕੋਈ ਸਬੂਤ ਨਹੀਂ। ਕੋਈ ਵੀ ਕਾਨੂੰਨੀ ਵਿਵਾਦ ਲਈ ਲੇਖਕ ਖ਼ੁਦ ਜ਼ਿੰਮੇਵਾਰ ਹੋਵੇਗਾ। ਇਸ ਮੈਗਜ਼ੀਨ ਵਿੱਚ ਸਿਰਫ਼ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਹੀ ਸ਼ਾਮਿਲ ਕੀਤੀ ਜਾਂਦੀ ਹਨ।

ICT ਪਰਵਾਜ਼



# ਸੰਪਾਦਕੀ ਸ਼ਬਦ

ਅਧਿਆਪਕ ਸਾਥੀਓ ਅਤੇ ਮੇਰੇ ਪਿਆਰੇ ਲੇਖਕ ਵਿਦਿਆਰਥੀਓ! ਆਈ.ਸੀ.ਟੀ.ਪਰਵਾਜ਼ ਦੇ ਇਸ ਅੰਕਵਿੱਚ ਆਪ ਸਭ ਦੀ ਭਰਪੂਰ ਸ਼ਮੂਲੀਅਤ ਨਾਲ਼ ਮੈਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋਈ। ਆਪ ਜੀ ਵੱਲੋਂ ਬਹੁਤ ਵੱਡੀ ਗਿਣਤੀ ਵਿੱਚ ਰਚਨਾਵਾਂ ਭੇਜੀਆਂ ਗਈਆਂ। ਇਹਨਾਂ ਰਚਨਾਵਾਂ ਵਿੱਚੋਂ ਚੰਗੀਆਂ ਰਚਨਾਵਾਂ ਨੂੰ ਬੜੀ ਸ਼ਿੱਦਤ ਨਾਲ਼ ਚੁਣਿਆ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਅਧਿਆਪਕ ਅਤੇ ਵਿਦਿਆਰਥੀਆਂ ਦੀਆਂ ਸਵੈ-ਲਿਖਤਾ ਨੂੰ ਹੀ ਇਸ ਮੈਗਜ਼ੀਨ ਦਾ ਹਿੱਸਾ ਬਣਾਇਆ ਜਾਵੇ। ਜਿਹਨਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਰਚਨਾ ਇਸ ਵਿੱਚ ਨਹੀਂ ਲਗਾ ਸਕਿਆ ਉਹਨਾਂ ਤੋਂ ਮੁਆਫ਼ੀ। ਤੁਸੀਂ ਆਪਣੀਆਂ ਸਵੈ-ਰਚਿਤ ਰਚਨਾਵਾਂ ਭੇਜ ਸਕਦੇ ਹੋ ਆਪ ਸਭ ਦਾ ਸਵਾਗਤ ਹੈ।

ਸੰਪਾਦਕ
ਅੰਮ੍ਰਿਤਪਾਲ ਸਿੰਘ
ਪਾਲੀ ਖ਼ਾਦਿਮ
ਕੰਪਿਊਟਰ ਫੈਕਲਟੀ
ਸ.ਸ.ਸ.ਸ.ਛਪਾਰ
ਲੁਧਿਆਣਾ

ICT ਪਰਵਾਜ਼

# ਸੰਦੇਸ਼

ਆਈ.ਸੀ.ਟੀ. ਪਰਵਾਜ਼ ਦੇ ਸੰਚਾਲਕ ਸ. ਅੰਮ੍ਰਿਤਪਾਲ ਸਿੰਘ ਜੀ ਬੜੀ ਹੀ ਮਿਹਨਤ ਅਤੇ ਸ਼ਿੱਦਤ ਨਾਲ਼ ਕਾਰਜ ਕਰ ਰਹੇ ਹਨ। ਇਹ ਲੱਗਭਗ 2017 ਤੋਂ ਕੰਪਿਊਟਰ ਵਿਸ਼ੇ ਨੂੰ ਹੋਰ ਪ੍ਰਫੁੱਲਤ ਕਰਨ ਵਾਸਤੇ ਪਰਵਾਜ਼ ਪ੍ਰੋਜੈਕਟ ਤਹਿਤ ਵੱਖ-ਵੱਖ ਗਤੀਵਿਧੀਆਂ ਵਿਦਿਆਰਥੀਆਂ ਲਈ ਕਰਦੇ ਆ ਰਹੇ ਹਨ। ਵਿਦਿਆਰਥੀਆਂ ਨੂੰ ਕੰਪਿਊਟਰ ਵਿਸ਼ੇ ਨਾਲ਼ ਜੋੜਨ ਵਾਸਤੇ ਆਡੀਓਜ਼, ਵੀਡੀਓਜ਼, ਗੂਗਲ ਫਾਰਮ, ਆਨਲਾਈਨ ਟੈਸਟ, ਹੋਰ ਰੋਚਕ ਗਤੀਵਿਧੀਆਂ ਕਰਦੇ ਆ ਰਹੇ ਹਨ। ਵਿਦਿਆਰਥੀਆਂ ਵਿੱਚ ਲਿਖਤ ਦੀ ਕਲਾ ਨੂੰ ਹੋਰ ਵਧੀਆ ਬਣਾਉਣ ਲਈ ਅਤੇ ਕੰਪਿਊਟਰ ਵਿਸ਼ੇ ਸੀ ਪ੍ਰਫੁੱਲਤਾ ਲਈ ਇਹਨਾਂ ਵੱਲੋਂ 'ਪਰਵਾਜ਼' ਮੈਗਜ਼ੀਨ ਦਾ ਪਹਿਲਾ ਅੰਕ ਜਾਰੀ ਕੀਤਾ ਗਿਆ ਹੈ। ਮੈਂ ਆਪਣੀ ਸਮੁੱਚੀ ਟੀਮ ਵੱਲੋਂ ਇਹਨਾਂ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਇਸੇ ਤਰ੍ਹਾਂ ਕੰਪਿਊਟਰ ਵਿਸ਼ੇ ਵਾਸਤੇ ਕੰਮ ਕਰਦੇ ਰਹਿਣਗੇ।

Eschool Quiz Team
ਸੰਚਾਲਕ
ਪਰਮਵੀਰ ਸਿੰਘ
ਪਟਿਆਲਾ

ICT ਪਰਵਾਜ਼

# ਸੰਦੇਸ਼

ਸ.ਅੰਮ੍ਰਿਤਪਾਲ ਸਿੰਘ ਕੰਪਿਊਟਰ ਫੈਕਲਟੀ ਸ.ਸ.ਸ.ਸ.ਛਪਾਰ ਲੁਧਿਆਣਾ ਨੂੰ ਮੈਂ ਦਿਲੋਂ ਵਧਾਈ ਦਿੰਦਾ ਹਾਂ। ਉਹ ਕੰਪਿਊਟਰ ਵਿਸ਼ੇ ਨੂੰ ਰੋਚਕ ਬਣਾਉਣ ਵਾਸਤੇ ਬੜੀ ਮਿਹਨਤ ਕਰ ਰਹੇ। ਉਹਨਾਂ ਦੀਆਂ ਗਤੀਵਿਧੀਆਂ ਨਾਲ਼ ਵਿਦਿਆਰਥੀਆਂ ਨੂੰ ਕਰੋਨਾ ਦੇ ਸਮੇਂ ਵਿੱਚ ਆਨ-ਲਾਇਨ ਸਿੱਖਿਆ ਵਿੱਚ ਬੜੀ ਆਸਾਨੀ ਹੋ ਰਹੀ ਹੈ।

ਆਈ.ਸੀ.ਟੀ. ਪਰਵਾਜ਼ ਮੈਗਜ਼ੀਨ ਇਹਨਾਂ ਦੀ ਮਿਹਨਤ ਦਾ ਸਬੂਤ ਹੈ। ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਮਾਣ ਹੈ ਕਿ ਸ.ਅੰਮ੍ਰਿਤਪਾਲ ਸਿੰਘ ਸਾਡੀ ਟੀਮ ਦਾ ਵੀ ਹਿੱਸਾ ਹਨ। ਮੈਂ ਆਪਣੇ ਵੱਲੋਂ ਅਤੇ ਜ਼ਿਲ੍ਹਾ ਲੁਧਿਆਣਾ ਦੀ ਪੂਰੀ ਟੀਮ ਵੱਲੋਂ ਇਹਨਾਂ ਨੂੰ ਵਧਾਈ ਦਿੰਦਾ ਹਾਂ ।


ਡੀ.ਐਮ.<br>
ਕੰਪਿਊਟਰ ਸਾਇੰਸ<br>
ਕੁਲਵੰਤ ਸਿੰਘ ਪੰਡੋਰੀ<br>
ਲੁਧਿਆਣਾ

# ਤਤਕਰਾ




| | | | ਪੰਨਾ ਨੰ |
|---|---|---|---|
| 1. | ਕਵਿਤਾ | ਅੰਮ੍ਰਿਤਪਾਲ ਸਿੰਘ | 01 |
| 2. | ਕਵਿਤਾ | ਹਰਸ਼ਪ੍ਰੀਤ ਸਿੰਘ | 02 |
| 3. | ਲੇਖ | ਰਜਨੀ ਬਿਰਦੀ | 03 |
| 4. | 21ਵੀਂ ਸਦੀ ਤੇ ਕੰਪਿਊਟਰ | ਗੁਰਪ੍ਰੀਤ ਕੌਰ | 04 |
| 5. | ਲੇਖ | ਹਰਪ੍ਰੀਤ ਕੌਰ | 05 |
| 6. | ਵਰਚੁਅਲ ਨੈਟਵਰਕ | ਅੰਮ੍ਰਿਤਬੀਰ ਸਿੰਘ | 06 |
| 7. | ਲੇਖ | ਕਰੀਨਾ | 09 |
| 8. | ਕਵਿਤਾ | ਸ਼ਾਖਸ਼ੀ ਵਧਵਾ | 09 |
| 9. | ਕਵਿਤਾ | ਸਿਮਰੀਨ ਰਾਏ | 10 |
| 10. | ਗੂਗਲ ਐਪ | ਅਮਰਜੀਤ ਕੌਰ | 11 |
| 11. | ਕੋਵਿਡ ਤੇ ਆਨਲਾਈਨ | ਆਤਿਫਾ ਖਾਨ | 12 |
| 12. | ਪੇਂਟਿੰਗ | ਪਵਨਪ੍ਰੀਤ ਕੌਰ | 13 |
| 13. | ਪੇਂਟਿੰਗ | ਅਨੀਤਾ ਰਾਣੀ | 14 |
| 14. | ਪੇਂਟਿੰਗ | ਦੀਪ ਕਿਰਨ | 15 |
| 15. | ਪੇਂਟਿੰਗ | ਅਮਨਦੀਪ ਕੌਰ | 16 |
| 16. | ਪੇਂਟਿੰਗ | ਚਰਨਪ੍ਰੀਤ ਕੌਰ | 17 |
| 17. | ਕਵਿਤਾ | ਦਮਨਪ੍ਰੀਤ ਸਿੰਘ | 18 |
| 18. | ਕਵਿਤਾ | ਰਵਿੰਦਰ ਸਿੰਘ | 19 |
| 19. | ਹਿਸਟਰੀ ਆਫ ਕੰਪਿਊਟਰ | ਹਰਲੀਨ ਕੌਰ | 20 |
| 20. | ਲੇਖ | ਕਰਿਸ਼ ਕੁਮਾਰ | 21 |
| 21. | ਅਨੌਖੀ ਕਾਢ | ਅਰਸ਼ ਗਰਗ | 22 |
| 22. | ਕੰਪਿਊਟਰ ਲੈਬ ਰੂਲ | ਹਰਸਿਮਰਨ ਕੌਰ | 23 |
| 23 | ਇੰਟਰਨੈਟ | ਗੁਰਮੀਤ ਕੌਰ | 24 |
| 24. | ਕੰਪਿਊਟਰ ਯੁੱਗ | ਹਰਸਿਮਰਨਜੋਤ ਕੌਰ | 25 |
| 25. | ਈ-ਮੇਲ | ਅਮਰਜੀਤ ਕੌਰ | 26 |
| 26. | ਈ-ਸਿਮ, ਬਿਟਕੋਇਨ | ਅੰਮ੍ਰਿਤਬੀਰ ਸਿੰਘ | 27 |
| 27. | PUZZLE | ਸਿਮਰਨਜੀਤ ਕੌਰ | 28 |
| 28. | ਕਵਿਤਾ | ਸੁਖਵਿੰਦਰ ਕੌਰ | 29 |
| 29. | ਵਰਡ ਸਰਚ | ਖੁਸ਼ਬੂ ਵਰਮਾ | 30 |
| 30. | ਕੰਪਿਊਟਰ ਐਜੂਕੇਸ਼ਨ | ਜਸਪਾਲ ਸਿੰਘ | 31 |
| 31. | ਕੰਪਿਊਟਰ ਟੈਕਨਾਲੌਜ਼ੀ ਦਾ ਯੁੱਗ | ਮਨਿੰਦਰ ਕੌਰ | 32 |

# ਕੰਪਿਊਟਰ ਕਵਿਤਾ




ਕੰਪਿਊਟਰ ਹੈ ਗਣਨਾਵਾਂ ਕਰਦਾ।
ਕੱਢ ਨਤੀਜਾ ਅੱਗੇ ਧਰਦਾ।

ਇਸ 'ਤੇ ਗ਼ੇਮਾਂ ਖ਼ੂਬ ਖੇਡੀਏ।
ਫ਼ਿਲਮਾਂ ਤੇ ਤਸਵੀਰਾਂ ਭਰੀਏ।

ਸਕੂਲ ਰਿਪੋਰਟ ਜਾਂ ਕੱਢ ਨਤੀਜਾ।
ਸਮਾਂ ਸਾਰਨੀ ਤਿਆਰ ਕਰੀ ਜਾ।




ਇਹ ਤਾਂ ਸਾਨੂੰ ਦੱਸੇ ਰਸਤਾ।
ਟਿਕਟ ਬੁੱਕ ਕਰ, ਸੌਦਾ ਸਸਤਾ।

ਛਪਣ ਕਿਤਾਬਾਂ ਤੇ ਅਖ਼ਬਾਰ।
ਮੌਸਮ ਦੀ ਦੱਸੇ ਰਫ਼ਤਾਰ।


ਅੱਖਰਾਂ ਦੀ ਇਹ ਗ਼ਲਤੀ ਦੱਸਦਾ।
ਦੱਸਦਾ ਹੀ ਨਈਂ ਠੀਕ ਵੀ ਕਰਦਾ।




ਕੰਪਿਊਟਰ ਸਾਡੇ ਕੰਮ ਆਵੇ।
ਜ਼ਿੰਦਗੀ ਦੀ ਰਫ਼ਤਾਰ ਵਧਾਵੇ।

ਅੰਮ੍ਰਿਤਪਾਲ ਸਿੰਘ ਪਾਲੀ ਖ਼ਾਦਿਮ
ਕੰਪਿਊਟਰ ਫੈਕਲਟੀ ਸਸਸਸ ਛਪਾਰ ਲੁਧਿ:

# ਕੰਪਿਊਟਰ ਕਵਿਤਾ





ਯੁੱਗ ਮਸ਼ੀਨੀ ਦੌਰ ਮਸ਼ੀਨੀ
ਮਸ਼ੀਨੀ ਸਦੀ ਦਾ ਰਾਜ ਚੱਲੇ
ਕੰਮ ਮਸ਼ੀਨੀ ਦੰਮ ਮਸ਼ੀਨੀ
ਮਸ਼ੀਨਾਂ ਸਿਰ 'ਤੇ ਕਾਜ ਚੱਲੇ

ਕੰਪਿਊਟਰਾਂ ਜਿਹਾ ਬਣ ਨੀ ਹੋਣਾ
ਭਾਵੇਂ ਕਿੰਨਾ ਇਨਸਾਨ ਬਾਹਰ ਚੱਲੇ
2,4 ਕਦਮ ਫ਼ਿਰ ਵੀ ਪਿੱਛੇ
ਭਾਵੇਂ ਕਿੰਨਾ ਜ਼ੋਰ ਮਾਰ ਕੋਈ ਨਾਲ਼ ਰਲੇ
ਪੱਲਾ ਵੀ ਛੱਡ ਨੀ ਸਕਦਾ
ਪੱਲਾ ਛੱਡ ਕੇ ਵੀ ਨਾ ਸਰੇ
ਸਾਰੇ ਹਿਸਾਬਾਂ ਦਾ ਭੇਤੀ ਵੱਜਦਾ
ਜੋ ਲੱਖਾਂ ਕਰੋੜਾਂ ਤੋਂ ਵੀ ਪਾਰ ਕਰੇ
ਇਹਦੇ ਬਿਨਾਂ ਅੱਗੇ ਨਾ ਵਧੇ
ਭਾਵੇਂ ਕਿੰਨਾ ਕੰਮ ਕੋਈ ਖ਼ਾਸ ਚੱਲੇ





ਯੁੱਗ ਮਸ਼ੀਨੀ ਦੌਰ ਮਸ਼ੀਨੀ
ਮਸ਼ੀਨੀ ਸਦੀ ਦਾ ਰਾਜ ਚੱਲੇ
ਕੰਮ ਮਸ਼ੀਨੀ ਦੰਮ ਮਸ਼ੀਨੀ
ਮਸ਼ੀਨਾ ਸਿਰ 'ਤੇ ਕਾਜ ਚੱਲੇ





ਹਰਸ਼ਪ੍ਰੀਤ ਸਿੰਘ
ਜਮਾਤ ਬਾਰਵੀ ਏ
ਸਸਸਸ ਧਮੋਟ(ਲੁਧਿ.)

# ਲੇਖ - ਕੰਪਿਊਟਰ



ਕੰਪਿਊਟਰ ਸ਼ਬਦ ਅੰਗ੍ਰੇਜੀ ਦੇ ਸ਼ਬਦ Compute ਤੋਂ ਲਿਆ ਗਿਆ ਹੈ , ਜਿਸ ਦਾ ਅਰਥ ਹੈ ਗਣਨਾ ਕਰਨਾ ਜਾਂ ਹਿਸਾਬ ਕਰਨਾ । ਕੰਪਿਊਟਰ ਇੱਕ ਇਲੈਕਟ੍ਰਾਨਿਕ ਮਸ਼ੀਨ ਹੈ । ਇਹ ਸਾਡੇ ਤੋਂ ਅੰਕੜੇ ਤੇ ਹਦਾਇਤਾਂ ਲੈਂਦਾ ਹੈ ਅਤੇ ਉਸ ਤੇ ਪ੍ਰੋਸੈਸਿੰਗ ਕਰਦਾ ਹੈ ਅਤੇ ਨਤੀਜਾ ਦਿੰਦਾ ਹੈ । ਇਸ ਦੀ ਵਿਸ਼ਾਲ ਮੈਮਰੀ ਹੁੰਦੀ ਹੈ , ਕੰਪਿਊਟਰ ਦੀ ਕਾਰਜ ਪ੍ਰਣਾਲੀ ਸਮਝਣ ਲਈ ਅਸੀਂ ਇਸ ਨੂੰ ਤਿੰਨ ਭਾਗਾਂ ਵਿੱਚ ਇੱਨਪੁਟ, ਆਉਟਪੁੱਟ ਤੇ ਪ੍ਰੋਸੈਸਿੰਗ ਵਿੱਚ ਵੰਡਦੇ ਹਾਂ ।



ਇੱਨਪੁਟ :- ਕੰਪਿਊਟਰ ਨੂੰ ਦਿੱਤੇ ਜਾਣ ਵਾਲੇ ਅੰਕੜੇ ਅਤੇ ਹਦਾਇਤਾਂ ਨੂੰ ਇੱਨਪੁਟ ਕਿਹਾ ਜਾਂਦਾ ਹੈ । ਕੀਅ-ਬੋਰਡ, ਮਾਊਸ ਤੇ ਸਕੈਨਰ ਨੂੰ ਕੰਪਿਊਟਰ ਦੇ ਇੱਨਪੁਟ ਭਾਗ ਕਿਹਾ ਜਾਂਦਾ ਹੈ ।




ਆਉਟਪੁੱਟ :- ਕੰਪਿਊਟਰ ਤੋਂ ਪ੍ਰਾਪਤ ਹੋਣ ਵਾਲੇ ਨਤੀਜਿਆਂ ਨੂੰ ਆਉਟਪੁੱਟ ਕਿਹਾ ਜਾਂਦਾ ਹੈ । ਮੋਨੀਟਰ, ਪ੍ਰਿੰਟਰ ਤੇ ਸਪੀਕਰ ਨੂੰ ਆਉਟਪੁੱਟ ਭਾਗ ਕਿਹਾ ਜਾਂਦਾ ਹੈ ।

ਪ੍ਰੋਸੈਸਰ :- ਪ੍ਰੋਸੈਸਰ ਕੰਪਿਊਟਰ ਦਾ ਦਿਮਾਗ ਹੈ , ਇਸ ਦਾ ਹੋਰ ਨਾਮ ਹੈ – CPU(ਸੈਂਟਰਲ ਪ੍ਰੋਸੈਸਿੰਗ ਯੂਨਿਟ ) ਕੰਪਿਊਟਰ ਦਾ ਸਾਰਾ ਕੰਮ CPU ਵਿੱਚ ਹੁੰਦਾ ਹੈ । ਇੱਨਪੁਟ, ਆਉਟਪੁੱਟ ਤੇ ਸਟੋਰੇਜ ਇਸ ਨੂੰ ਕੰਮ ਕਰਨ ਵਿੱਚ ਮਦਦ ਕਰਦੇ ਹਨ ।




-ਰਜਨੀ ਬਿਰਦੀ
ਸੱਤਵੀਂ ਬੀ
ਸਸਸਸ ਕੜਿਆਣਾ ਕਲਾਂ(ਲੁਧਿ.)

# 21ਵੀਂ ਸਦੀ ਤੇ ਕੰਪਿਊਟਰ

21ਵੀਂ ਸਦੀ ਨੂੰ ਕੰਪਿਊਟਰ ਦਾ ਯੁੱਗ ਵੀ ਕਿਹਾ ਜਾਂਦਾ ਹੈ। ਇਸ ਵਿੱਚ ਮਨੁੱਖ ਦਾ ਦਿਮਾਗੀ ਅਤੇ ਸਰੀਰਕ ਭਾਰ ਘੱਟ ਜਾਵੇਗਾ ਤੇ ਜ਼ਿੰਦਗੀ ਦਾ ਢੰਗ ਬਦਲ ਜਾਵੇਗਾ। ਕੰਮ ਲੱਭਣ ਲਈ ਦੂਰ ਦੀ ਯਾਤਰਾ ਕਰਨ ਦੀ ਲੋੜ ਨਹੀਂ ਪਵੇਗੀ। ਕੰਪਿਊਟਰਾਂ ਨੇ ਦੂਰ ਸੰਚਾਰ ਦੇ ਸਾਧਨਾਂ, ਵਿੱਦਿਅਕ ਕਾਰਜਾਂ ,ਉਦਯੋਗਿਕ ਵਿਕਾਸ ਤੇ ਡਾਕਟਰੀ ਕਾਰਜਾਂ ਵਿੱਚ ਬਹੁਤ ਲਾਭ ਪਹੁੰਚਾਇਆ ਹੈ। ਇਸ ਨਾਲ ਬੇਰੁਜਗਾਰੀ ਜ਼ਰੂਰ ਵਧੀ ਹੈ, ਪਰੰਤੂ ਇਹ ਵਧੇਰੇ ਚਿੰਤਾ ਦੀ ਗੱਲ ਨਹੀਂ ਹੈ।

ਅਜੇ ਕੰਪਿਊਟਰ ਕਾਫ਼ੀ ਸਸਤੇ ਤੇ ਵਧੀਆ ਬਣ ਗਏ ਹਨ ਤੇ ਇਹ ਬਹੁਗਿਣਤੀ ਘਰਾਂ ਵਿੱਚ ਪਹੁੰਚ ਚੁੱਕੇ ਹਨ। ਵਿਗਿਆਨੀ ਰਾਬਰਟ ਫ਼ਰੋਚਸ ਦਾ ਵਿਸ਼ਵਾਸ ਹੈ ਕਿ ਇਸ ਸਦੀ ਵਿੱਚ ਕੰਪਿਊਟਰਾਂ ਦੀ ਮਦਦ ਨਾਲ ਮਨੁੱਖ ਪੁਲਾੜ ਵਿੱਚ ਵੀ ਫ਼ੈਕਟਰੀਆਂ ਚਲਾਉਣ ਦੇ ਕਾਬਲ ਹੋ ਜਾਵੇਗਾ। ਪਹਿਲਾਂ ਹੀ ਇਸ ਨੇ ਸਿੱਖਿਆ, ਵਪਾਰ, ਮੈਡੀਕਲ ਸਾਇੰਸ, ਸੰਸਥਾਵਾਂ ,ਰੋਬੋਟਿਕਸ, ਸੰਚਾਰ,ਆਦਿ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦਾ ਸਹੀ ਉਪਯੋਗ ਮਨੁੱਖ ਲਈ ਨਵੇਂ ਦਰਵਾਜੇ ਖੋਲੇਗਾ। ਪਰੰਤੂ ਇਸ ਦੀ ਦੁਰਵਰਤੋਂ ਨੂੰ ਰੋਕਣ ਦੇ ਵੀ ਸਹੀ ਉਪਰਾਲੇ ਕਰਨ ਦੀ ਬਹੁੱਤ ਲੋੜ ਹੈ। ਜੇਕਰ ਅਸੀਂ ਸਕਰਾਤਮਕ ਸੋਚ ਤੇ ਕੰਪਿਊਟਰ ਦਾ ਇੱਕ ਵਧੀਆ ਜੋੜ ਬਣਾ ਕੇ ਅੱਗੇ ਵਧੀਏ ਤਾਂ ਮੈਂਨੂੰ ਆਸ ਹੈ ਕਿ ਫ਼ਿਰ ਕੁੱਝ ਵੀ ਨਾ-ਮੁਮਕਿਨ ਨਹੀਂ।

-ਗੁਰਪ੍ਰੀਤ ਕੌਰ
(ਕੰਪਿਊਟਰ ਫ਼ੈਕਲਟੀ)
ਸਕੰਸਸਸ ਮਾਲੇਰਕੋਟਲਾ

# Importance of Computer for students

As we know, that it's time of computer and technology. In all fields of work, computer is used. For a student, computer knowledge is must in modern times. Every student should learn typing in english,in his/her mother tongue and in hindi .He /she should also learn to use computer in studies, to apply for different competitive exams,to search educational sites,material,books,projects to make his/her study impressive and successful. Students can also find out previous question papers, lectures, topics on you tube, google , facebook and study material and guidance on ssapunjab.org.in, pseb.ac.in,iscuela, question bank links, e-books etc.He/she can find answers of every question of every subject. Due to covid -19 the importance of computer increased in the teaching-learning process.Online classes, competitions, hobby courses, webinars, google meet, zoom meet , google classroom, podcast all are running on internet during this corona time.Students should acquaint the knowledge of different types of skills, art and craft, music, dance, cosmetology, dress designing, calligraphy etc. To prepare note-books ,notes, paper presentation, PPT slide making, animation, special effects for his/her overall development of all aspects. Students can use digital ,e-library and can read pdf files of books ,encyclopaedias. So,I must say,students should use computer in a positive way for their betterment.

Harpreet kaur (Hindi Mistress)

Gsss kadiana kalan

# ਵਰਚੁਅਲ ਪ੍ਰਾਈਵੇਟ ਨੈਟਵਰਕ

## ਵਰਚੁਅਲ ਪ੍ਰਾਈਵੇਟ ਨੈਟਵਰਕ(ਵੀ.ਪੀ.ਐਨ) ਕੀ ਹੈ?

ਵਰਚੁਅਲ ਪ੍ਰਾਈਵੇਟ ਨੈਟਵਰਕ ਇੱਕ ਡਿਵਾਈਸ ਤੋਂ ਨੈਟਵਰਕ ਤੱਕ ਇੰਟਰਨੈਟ ਤੇ ਇੱਕ ਇਨਕ੍ਰਿਪਡ ਕੁਨੈਕਸ਼ਨ ਹੈ। ਇਹ ਇਨਕ੍ਰਿਪਡ ਕੁਨੈਕਸ਼ਨ ਇਹ ਸੁਨਿਸ਼ਚਿਤ ਕਰਦਾ ਹੈ ਕਿ ਸੰਵੇਦਨਸ਼ੀਲ ਡਾਟਾ ਸੁਰੱਖਿਤ ਸੰਚਾਰਿਤ ਹੋਵੇ।ਇਹ ਅਣਅਧਿਕਾਰਤ ਲੋਕਾਂ ਨੂੰ ਇਸ ਸੰਵੇਦਨਸ਼ੀਲ ਡਾਟੇ ਨੂੰ ਦੇਖਣ ਤੋਂ ਰੋਕਦਾ ਹੈ।ਇਹ ਤੁਹਾਨੂੰ ਦੂਰ ਬੈਠਕੇ ਕੰਮ ਕਰਨ ਦੀ ਆਗਿਆ ਦਿੰਦਾ ਹੈ। ਵਰਚੁਅਲ ਪ੍ਰਾਈਵੇਟ ਨੈਟਵਰਕ ਜਨਤਕ ਨੈਟਵਰਕ ਨੂੰ ਨਿਜੀ ਨੈਟਵਰਕ ਬਣਾਕੇ ਤੁਹਾਨੂੰ ਆਨਲਾਈਨ ਗੁਪਨੀਯਤਾ ਅਤੇ ਗੁਮਨਾਮਤਾ ਪ੍ਰਦਾਨ ਕਰਦਾ ਹੈ।

## ਵਰਚੁਅਲ ਪ੍ਰਾਈਵੇਟ ਨੈਟਵਰਕ ਕਿਵੇਂ ਕੰਮ ਕਰਦਾ ਹੈ

ਵੀਪੀਐਨ ਟਨਲ(ਸੁਰੰਗ) ਰਾਹੀਂ ਪੁਆਇੰਟ-ਟੂ-ਪੁਆਇੰਟ ਕੁਨੈਕਸ਼ਨ ਬਣਾਉਂਦਾ ਹੈ ਇਸਨੂੰ ਅਣਅਧਿਕਾਰਤ ਯੂਜ਼ਰਾਂ ਦੇ ਵੱਲੋ ਵਰਤਿਆ ਨਹੀਂ ਜਾ ਸਕਦਾ। ਸੁਰੰਗ ਬਣਾਉਣ ਲਈ ਡਿਵਾਈਸ ਤੇ ਵੀਪੀਐਨ ਕਲਾਇੰਟ(ਇੱਕ ਸਾਫਟਵੇਅਰ ਐਪਲੀਕੇਸ਼ਨ) ਕੰਮ ਕਰ ਰਿਹਾ ਹੋਣਾ ਜਰੂਰੀ ਹੈ।ਇਸਦੇ ਵੱਲ ਯੂਜ਼ਰ ਨੂੰ ਧਿਆਨ ਦੇਣ ਦੀ ਲੋੜ ਨਹੀਂ ਹੈ ਜਦੋ ਤਕ ਇਸਦੀ ਕਾਰਗੁਜਾਰੀ ਪ੍ਰਭਾਵਿਤ ਨਹੀਂ ਹੁੰਦੀ।ਕਾਰਗੁਜਾਰੀ ਕਈ ਕਾਰਨਾਂ ਕਰਕੇ ਪ੍ਰਭਾਵਿਤ ਹੁੰਦੀ ਹੈ ਜਿਵੇਂ ਕਿ ਯੂਜ਼ਰ ਦੇ ਇੰਟਰਨੈਟ ਕੁਨੈਕਸ਼ਨ ਦੀ ਗਤੀ, ਪ੍ਰੋਟੋਕੋਲ ਦੀਆਂ ਕਿਸਮਾਂ ਜੋ ਇੰਟਰਨੈਟ ਸੇਵਾ ਪ੍ਰਦਾਨ ਕਰਨ ਵਾਲੀ ਕੰਪਨੀ ਦੇ ਵੱਲੋਂ ਵਰਤੀਆਂ ਜਾਂਦੀਆਂ ਹਨ,ਇਨਕ੍ਰਿਪਸ਼ਨ ਦੀਆਂ ਕਿਸਮਾਂ ਜੋ ਵਰਤੋਂ ਕੀਤੀਆਂ ਜਾਂਦੀਆਂ ਹਨ ਆਦਿ।

## ਵਰਚੁਅਲ ਪ੍ਰਾਈਵੇਟ ਨੈਟਵਰਕ ਦੇ ਵਿੱਚ ਵਰਤੇ ਜਾਣ ਵਾਲੇ ਪ੍ਰੋਟੋਕੋਲ

ਵਰਚੁਅਲ ਪ੍ਰਾਈਵੇਟ ਨੈਟਵਰਕ ਦਾ ਮੁੱਖ ਉਦੇਸ਼ ਉਸ ਨਾਲ ਜੁੜੇ ਹੋਏ ਕੰਪਿਊਟਰ ਸਿਸਟਮਾਂ ਦੇ ਵਿੱਚ ਸੁਰੱਖਿਅਤ ਸੰਚਾਰ ਕਰਨਾ ਹੁੰਦਾ ਹੈ ਇਸ ਉਦੇਸ਼ ਨੂੰ ਪੂਰਾ ਕਰਨ ਲਈ ਵਰਚੁਅਲ ਪ੍ਰਾਈਵੇਟ ਨੈਟਵਰਕ ਦੇ ਵੱਲੋ ਕਈ ਤਰਾਂ ਦੇ ਪ੍ਰੋਟੋਕੋਲ ਵਰਤੇ ਜਾਂਦੇ ਹਨ ਜੋ ਹੇਠ ਲਿਖੇ ਹਨ:-

IPSec
Secure Socket Layer(SSL) and Transport Layer Security(TLS)
Point-To-Point Tunneling Protocol(PPTP)
Layer 2 Tunneling Protocol(L2TP)
OpenVPN

# ਵਰਚੁਅਲ ਪ੍ਰਾਈਵੇਟ ਨੈਟਵਰਕ ਦੀਆਂ ਕਿਸਮਾਂ

1. ਰਿਮੋਟ ਐਕਸੁਸ ਵੀਪੀਐਨ:- ਰਿਮੋਟ ਐਕਸਸ ਕਲਾਇੰਟ ਸੰਸਥਾ ਦੇ ਨੈਟਵਰਕ ਤੇ ਇੱਕ ਵੀਪੀਐਨ ਗੇਟਵੇ ਸਰਵਰ ਦੇ ਨਾਲ ਜੁੜਦੇ ਹਨ। ਗੇਟਵੇ ਲਈ ਇਹ ਜਰੂਰੀ ਹੈ ਕਿ ਉਹ ਅੰਦਰੂਨੀ ਨੈਟਵਰਕ ਸਰੋਤਾਂ ਤਕ ਪ੍ਰਹੁੰਚ ਦੇਣ ਪਹਿਲਾਂ ਡਿਵਾਈਸ ਦੀ ਪ੍ਰਮਾਣਿਕਤਾ ਦੀ ਜਾਂਚ ਕਰੇ। ਇਹ ਕਿਸਮ ਆਮ ਤੌਰ ਤੇ ਆਈਪੀਸੈਕ ਅਤੇ ਸਿਕਿਓਰ ਸਾਕਟ ਲੇਅਰ ਪ੍ਰੋਟੋਕੋਲ ਤੇ ਨਿਰਭਰ ਕਰਦੀ ਹੈ।

2. ਸਾਈਟ-ਟੂ-ਸਾਈਟ ਵੀਪੀਐਨ:-ਸਾਈਟ-ਟੂ-ਸਾਈਟ ਵੀਪੀਐਨ ਇੱਕ ਥਾਂ ਦੇ ਪੂਰੇ ਨੈਟਵਰਕ ਨੂੰ ਕਿਸੇ ਹੋਰ ਥਾਂ ਦੇ ਨੈਟਵਰਕ ਨਾਲ ਜੋੜਨ ਲਈ ਗੇਟਵੇ ਦੀ ਵਰਤੋਂ ਕਰਦੀ ਹੈ। ਰਿਮੋਟ ਲੋਕੇਸ਼ਨ ਦੇ ਵਿੱਚ ਡਿਵਾਈਸਾਂ ਨੂੰ ਵੀਪੀਐਨ ਕਲਾਇੰਟਸ ਦੀ ਜਰੂਰਤ ਨਹੀਂ ਹੁੰਦੀ ਕਿਉਂਕਿ ਗੇਟਵੇ ਉਹਨਾਂ ਨੂੰ ਸੰਭਾਲਦਾ ਹੈ।

3. ਮੋਬਾਈਲ ਵੀਪੀਐਨ:-ਮੋਬਾਈਲ ਵੀਪੀਐਨ ਦੇ ਵਿੱਚ ਸਰਵਰ ਕੰਪਨੀ ਨੈਟਵਰਕ ਦੇ ਆਧੀਨ ਹੁੰਦਾ ਹੈ ਜੋ ਪ੍ਰਮਾਣਿਤ ਯੂਜ਼ਰਾਂ ਨੂੰ ਸੁਰੱਖਿਅਤ ਸੁਰੰਗੀ ਪ੍ਰਹੁੰਚ ਦਿੰਦਾ ਹੈ। ਮੋਬਾਈਲ ਵੀਪੀਐਨ ਸੁਰੰਗਾਂ ਭੌਤਿਕ ਆਈ ਪੀ ਪੱਤਿਆਂ ਦੀ ਥਾਂ ਤੇ ਲਾਜ਼ੀਕਲ ਆਈ ਪੀ ਪੱਤਿਆਂ ਤੇ ਕੰਮ ਕਰਦਾ ਹੈ।

4. ਹਾਰਡਵੇਅਰ ਵੀਪੀਐਨ:- ਹਾਰਡਵੇਅਰ ਵੀਪੀਐਨ ਸਾਫਟਵੇਅਰ ਆਧਾਰਿਤ ਸਖਤੀ ਨਾਲ ਬਹੁਤ ਸਾਰੇ ਫਾਇਦੇ ਦਿੰਦਾ ਹੈ। ਹਾਰਡਵੇਅਰ ਵੀਪੀਐਨ ਜਿਆਦਾ ਸੁਰਖਿਆ ਤੋਂ ਇਲਾਵਾ ਵੱਡੇ ਕਲਾਇੰਟ ਲੋਡ ਲਈ ਲੋਡ ਬੈਲਨਸਿੰਗ ਪ੍ਰਦਾਨ ਕਰਦਾ ਹੈ। ਇਸ ਵਿੱਚ ਪ੍ਰਸ਼ਾਸ਼ਨ ਨੂੰ ਇੱਕ ਵੈੱਬ ਬ੍ਰਾਊਜ਼ਰ ਦੇ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ।

5. ਵੀਪੀਐਨ ਉਪਕਰਣ:- ਵੀਪੀਐਨ ਉਪਕਰਣ ਜਿਸ ਨੂੰ ਵੀਪੀਐਨ ਗੇਟਵੇ ਉਪਕਰਣ ਵੀ ਕਿਹਾ ਜਾਂਦਾ ਹੈ ਜੋ ਸੁਧਰੀ ਹੋਈ ਸੁਰੱਖਿਆ ਵਿਸ਼ੇਸ਼ਤਾਵਾਂ ਵਾਲਾ ਇੱਕ ਨੈਟਵਰਕ ਡਿਵਾਈਸ ਹੈ। ਇਹ ਇੱਕ ਸਿਕਿਓਰ ਸਾਕਟ ਲੇਅਰ ਵੀਪੀਐਨ ਉਪਕਰਣ ਹੈ ਜੋ ਰਾਊਟਰ ਦੇ ਰੂਪ ਵਿੱਚ ਵੀਪੀਐਨ ਨੂੰ ਸੁਰੱਖਿਆ, ਅਧਿਕਾਰ, ਪ੍ਰਮਾਣਿਕਤਾ ਅਤੇ ਇਨਕ੍ਰਿਪਸ਼ਨ ਪ੍ਰਦਾਨ ਕਰਦਾ ਹੈ।

6. ਗਤੀਸ਼ੀਲ ਮਲਟੀਪੁਆਇੰਟ ਵਰਚੁਅਲ ਪ੍ਰਾਈਵੇਟ ਨੈਟਵਰਕ:- ਗਤੀਸ਼ੀਲ ਮਲਟੀਪੁਆਇੰਟ ਵਰਚੁਅਲ ਪ੍ਰਾਈਵੇਟ ਨੈਟਵਰਕ ਬਿਨਾਂ ਕਿਸੇ ਰਾਊਟਰ ਅਤੇ ਸੰਗਠਨ ਦੇ ਹੈੱਡਕੁਆਟਰ ਦੇ ਵੈੱਬ ਸਾਈਟਾਂ ਦੇ ਵਿੱਚ ਡਾਟੇ ਦਾ ਵਟਾਂਦਰਾਂ ਕਰਦਾ ਹੈ। ਗਤੀਸ਼ੀਲ ਮਲਟੀਪੁਆਇੰਟ ਵਰਚੁਅਲ ਪ੍ਰਾਈਵੇਟ ਨੈਟਵਰਕ ਇੱਕ ਜਾਲੀ ਵੀਪੀਐਨ ਸੇਵਾ ਬਣਾਉਂਦਾ ਹੈ ਜੋ ਵੀਪੀਐਨ ਰਾਊਟਰ ਅਤੇ ਫਾਇਰਵਾਲ ਕੰਨਸੇਨਟਰਾਂ ਤੇ ਕੰਮ ਕਰਦੀ ਹੈ।

7. ਵੀਪੀਐਨ ਰੀਕਨੈਕਟ:- ਵੀਪੀਐਨ ਰੀਕਨੈਕਟ ਵਿੰਡੋਜ 7 ਅਤੇ ਵਿੰਡੋਜ ਸਰਵਰ 2008 ਆਰ 2 ਦੀ ਇੱਕ ਵਿਸ਼ੇਸ਼ਤਾ ਹੈ ਜੋ ਇੱਕ ਵਰਚੁਅਲ ਪ੍ਰਾਈਵੇਟ ਨੈਟਵਰਕ ਕੁਨੈਕਸ਼ਨ ਨੂੰ ਇੰਟਰਨੈਟ ਸੇਵਾ ਦੇ ਥੋੜੇ ਸਮੇਂ ਲਈ ਬੰਦ ਹੋਣ ਤੇ ਵੀ ਖੁਲਾ ਰਖਦਾ ਹੈ ਤਾਂਕਿ ਯੂਜ਼ਰ ਦੋਬਾਰਾ ਵਰਚੁਅਲ ਪ੍ਰਾਈਵੇਟ ਨੈਟਵਰਕ ਨਾਲ ਜੁੜ ਸਕੇ।

## ਵਰਚੁਅਲ ਪ੍ਰਾਈਵੇਟ ਨੈਟਵਰਕ ਦੀਆਂ ਸੀਮਾਵਾਂ

1. ਵਰਚੁਅਲ ਪ੍ਰਾਈਵੇਟ ਨੈਟਵਰਕ ਤੇ ਮਲਵੇਅਰ ਅਤੇ ਵਾਇਰਸ ਦੇ ਹਮਲੇ ਦਾ ਖ਼ਤਰਾ ਬਣਿਆ ਰਹਿੰਦਾ ਹੈ।

2. ਵਰਚੁਅਲ ਪ੍ਰਾਈਵੇਟ ਨੈਟਵਰਕ ਰਾਹੀਂ ਹਮਲਾਵਰ ਆਸਾਨੀ ਨਾਲ ਯੂਜ਼ਰ ਦੇ ਕੰਪਿਊਟਰ ਸਿਸਟਮ ਦੇ ਵਿੱਚ ਦਾਖਲ ਹੋਕੇ ਉਸ ਨਾਲ ਛੇੜ-ਛਾੜ ਕਰ ਸਕਦੇ ਹਨ।

3. ਕਾਰੋਬਾਰੀ ਯੂਜ਼ਰਾਂ ਲਈ ਵਰਚੁਅਲ ਪ੍ਰਾਈਵੇਟ ਨੈਟਵਰਕ ਸੈਟ ਅੱਪ ਕਰਨਾ ਬਹੁਤ ਔਖਾ ਅਤੇ ਗੁੰਝਲਦਾਰ ਹੈ।

4. ਵਰਚੁਅਲ ਪ੍ਰਾਈਵੇਟ ਨੈਟਵਰਕ ਤੁਹਾਡੀ ਇੰਟਰਨੈਟ ਗਤੀ ਹੌਲੀ ਕਰ ਦਿੰਦਾ ਹੈ।

5. ਵਰਚੁਅਲ ਪ੍ਰਾਈਵੇਟ ਨੈਟਵਰਕ ਪੂਰੀ ਤਰਾਂ ਗੁੰਮਨਾਮਤਾ ਪ੍ਰਦਾਨ ਨਹੀਂ ਕਰ ਸਕਦਾ।

6. ਵਰਚੁਅਲ ਪ੍ਰਾਈਵੇਟ ਨੈਟਵਰਕ ਨਾਲ ਤੁਹਾਡੀ ਨਿਜਤਾ ਖਤਰੇ ਦੇ ਵਿੱਚ ਪੈ ਸਕਦੀ ਹੈ।

ਅੰਮ੍ਰਿਤਬੀਰ ਸਿੰਘ

ਕੰਪਿਊਟਰ ਫੈਕਲਟੀ

ਸਰਕਾਰੀ ਹਾਈ ਸਕੂਲ ਦਿਆਲ ਭੜੰਗ ਅੰਮ੍ਰਿਤਸਰ।

# Essay- Computer

The Computer is a modern electronic device. It works better and quicker than man. It has been used for the man for the last fifty years. It has a CPU, a monitor, a keyboard and a mouse to operate it. Computer has made our life simple and easy. It is used in offices, publication of books, Educational institutes, Hospitals and even at home. Every young man today is interested in it. A computer has huge data storage capacity. Hence it is used to save a lot of information. Now a days people can even interact with each other with a computer and an internet connection. Computer is the greatest discovery of the modern age. Hopefully it will be used for the benefit of the world...................

Kareena 10+1 B

GSSS Kadiana Kalan(Ludhiana

# Computer Poem

I am a good tutor,
My name is computer,

My father is Charles
Babbage,
But I don't eat
cabbage,

I have won many
award
But virus takes me to
the hospital ward

I do calculation very
fast
My memory is very
vast

I have a small mouse
I live with you in your
house

I never make you bore
I can give you more
and more.

Sakshi Wadwa
(Computer faculty)
Gsss kadiana kalan.

# ਕੰਪਿਊਟਰ



ਬੜੇ ਕੰਮ ਦਾ ਕੰਪਿਊਟਰ ਹੈ,
ਨਵੇਂ ਜ਼ਮਾਨੇ ਦਾ ਟਿਊਟਰ ਹੈ,

ਹੋਵੇ ਜਿੰਨਾਂ ਮਰਜ਼ੀ ਔਖਾ ਸਵਾਲ,
ਹੱਲ ਕਰ ਦਿੰਦਾ ਹੈ ਨਾਲੋ-ਨਾਲ,

ਤੇਜ਼ ਕੰਮ ਕਰਨਾ ਇਸਦੀ ਸ਼ਾਨ,
ਪਹੁੰਚਿਆ ਆੱਫ਼ਿਸ,ਬੈਂਕ, ਦੁਕਾਨ,

ਕਾਪੀ, ਫ਼ਾਈਲ ਜਿੰਨੀ ਮਰਜ਼ੀ,
ਮੈਮਰੀ ਵਿੱਚ ਭਰਦੇ ਜਾਓ,

ਸਭ ਕੁਝ ਇਸਨੂੰ ਯਾਦ ਰਹੇਗਾ,
ਜੋ ਕੁਝ ਪੁੱਛੋ ਇਹ ਦੱਸ ਦੇਵੇਗਾ,

ਪ੍ਰਿੰਟਰ ਦੀ ਤਕਨੀਕ ਹੈ ਪਾਈ,
ਦਿਲਖਿੱਚਵੀਂ ਇਹ ਕਰੇ ਛਪਾਈ,

ਸ਼ਤਰੰਜ ਖੇਡੇ ਕਰੇ ਕਮਾਲ,
ਵਰਲਡ ਚੈਂਪੀਅਨ ਹੋਵੇ ਬਹਾਲ,

ਇੰਟਰਨੈਟ ਨਾਲ ਜੋੜ ਕੇ ਨਾਤਾ,
ਦੁਨੀਆ ਭਰ ਦੀ ਸੈਰ ਕਰਾਉਂਦਾ,

ਤਾਂ ਹੀ ਇਹ ਹੈ ਸਭ ਦਾ ਪਿਆਰਾ,
ਬਣ ਗਿਆ ਹੈ ਅੱਖਾਂ ਦਾ ਤਾਰਾ,

ਤਰਾਂ- ਤਰਾਂ ਦੇ ਕਰਦਾ ਕੰਮ,
ਕੰਪਿਊਟਰ ਹੈ ਇਸਦਾ ਨਾਮ।

ਸਿਮਰੀਨ ਰਾਏ
+2
ਸ .ਸ .ਸ .ਸ. ਕੜਿਆਣਾਂ ਕਲਾਂ

# ਗੂਗਲ ਐਪ

ਗੂਗਲ ਮੈਪ ਹੈ ਪਿਆਰੀ ਐਪ
ਗੂਗਲ ਦੀ ਇਹ ਬਣਾਈ ਐਪ

ਮਾਡਰਨ ਟੈਕਨੋਲੋਜੀ ਦਾ ਇਹ ਕਮਾਲ
ਭਰਪੂਰ ਜਾਣਕਾਰੀ ਦਾ ਭੰਡਾਰ

ਇਸਦੀਆਂ ਸੇਵਾਵਾਂ ਕਰਨ ਕਮਾਲ
ਸੈੱਟੇਲਾਈਟ ਫੋਟੋਆਂ, ਮੈਪ ਤੇ

ਗਲੀਆਂ ਦੇ ਦ੍ਰਿਸ਼ ਦਿਖਾਵੇ
ਭੁੱਲਿਆਂ ਨੂੰ ਇਹ ਰਾਹ ਦਿਖਾਵੇ

ਕਿੱਥੇ ਹੈ ਟ੍ਰੈਫਿਕ ਕਿਧਰ ਨੂੰ ਜਾਣਾ
ਰੂਟ ਪਲੈਨਿੰਗ ਕਰਕੇ ਇਹ

ਹਰ ਇੱਕ ਨੂੰ ਮੰਜ਼ਿਲ ਤੇ ਪੁਚਾਵੇ
ਗੂਗਲ ਮੈਪ ਹੈ ਪਿਆਰੀ ਐਪ ।

ਅਮਰਜੀਤ ਕੌਰ
ਕੰਪਿਊਟਰ ਫੈਕਲਟੀ
ਸਸਸ ਸਮਾਰਟ ਸਕੂਲ ਸਾਹਲੋਂ (ਸ਼.ਭ.ਸ. ਨਗਰ)

# ਕੋਵਿਡ 19 ਦੌਰਾਨ ਆਨ-ਲਾਈਨ ਐਜੂਕੇਸ਼ਨ

ਅੱਜ ਕੱਲ ਕੇਵਲ ਬੱਚਿਆਂ ਹੀ ਨਹੀਂ ਬਲਕਿ ਹਰ ਇੱਕ ਦੀ ਜੁਬਾਨ ਤੇ ਇੱਕ ਹੀ ਨਾਮ ਹੈ ਆਨ-ਲਾਈਨ ....ਆਨ -ਲਾਈਨ। ਇਹ ਆਨ-ਲਾਈਨ ਕੀ ਹੈ? ਇਸ ਤੋਂ ਭਾਵ ਹੈ ਕਿ 'ਜੁੜੇ ਹੋਣਾ'। ਇਹ ਇੱਕ ਕਨੈਕਟਿਡ ਸਥਿਤੀ ਹੈ। ਕੋਵਿਡ ਦੀ ਮਹਾਂਮਾਰੀ ਕਰਕੇ ਅੱਜ ਕੱਲ ਪੜ੍ਹਾਈ ਦਾ ਦਾਰੋ-ਮਦਾਰ ਇਸ ਆਨ -ਲਾਈਨ ਐਜੂਕੇਸ਼ਨ ਤੇ ਹੋ ਗਿਆ ਹੈ। ਕੰਪਿਊਟਰ ਤੇ ਐਜੂਕੇਸ਼ਨ ਸ਼ੁਰੂ ਤੋਂ ਹੀ ਇੱਕ ਦੂਜੇ ਨਾਲ ਸੰਬੰਧਤ ਹੈ ਜੋ ਕਿ ਵਿਦਿਆਰਥੀਆਂ ਨੂੰ ਨਵੀਂ ਸੇਧ ਤੇ ਨਵੇਂ ਤਜਰਬੇ ਲਈ ਇੱਕ ਪਲੇਟਫ਼ਾਰਮ ਪੈਦਾ ਕਰਦੇ ਹਨ।

ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਹੁਣ ਵਿਦਿਆਰਥੀ ਪੂਰੀ ਤਰ੍ਹਾਂ ਆਨ -ਲਾਈਨ ਐਜੂਕੇਸ਼ਨ ਦਾ ਲਾਭ ਲੈ ਰਿਹਾ ਹੈ। ਅਧਿਆਪਕਾਂ ਵੱਲੋਂ ਕਲਾਸ ਅਨੁਸਾਰ /ਵਿਸ਼ਾ ਅਨੁਸਾਰ ਵਾਟਸਐਪ ਗਰੁੱਪ ਬਣਾ ਕੇ ਰੋਜਾਨਾ ਦਾ ਸਟੱਡੀ ਮੈਟੀਰਿਅਲ ਵਿਦਿ: ਨੂੰ ਮੁੱਹਇਆ ਕਰਵਾਇਆ ਜਾ ਰਿਹਾ ਹੈ। ਅਧਿਆਪਕਾਂ, ਵਿਦਿਆਰਥੀਆਂ ਦੇ ਨਾਲ ਨਾਲ ਮਾਪਿਆਂ ਦਾ ਵੀ ਇਸ ਨੂੰ ਸਫ਼ਲ ਕਰਨ ਚ ਬਹੁੱਤ ਵੱਡਾ ਯੋਗਦਾਨ ਹੈ। ਸਟੱਡੀ ਮੈਟੀਰਿਅਲ ਤੋਂ ਇਲਾਵਾ ਸਮੇਂ=ਸਮੇਂ ਤੇ ਆਨ-ਲਾਈਨ ਪੇਪਰ ਤੇ ਟੈਸਟ ਵੀ ਲਏ ਜਾ ਰਹੇ ਹਨ ਜੋ ਕਿ ਵਿਦਿਆਰਥੀ ਦੀ ਕਾਰਗੁਜਾਰੀ ਦੀ ਟੈਸਟਿੰਗ ਕਰਨ ਦਾ ਇੱਕ ਵੱਡਾ ਉਪਰਾਲਾ ਹੈ।

ਵਿਦਿਆਰਥੀ ਹੁਣ ਸਮੇਂ ਦਾ ਹਾਣੀ ਬਣ ਚੁੱਕਾ ਹੈ। ਅਸੀਂ ਆਸ ਕਰਦੇ ਹਾਂ ਕਿ ਇਹ ਮਹਾਮਾਰੀ ਜਲਦੀ ਹੀ ਆਪਣੀ ਪਕੜ ਸੰਸਾਰ ਚੋ ਛੱਡ ਦਵੇ ਪਰ ਸਿੱਖਿਆ ਦੇ ਖੇਤਰ ਵਿੱਚ ਸ਼ੁਰੂ ਹੋਈ ਇਸ 'ਆਨ-ਲਾਈਨ ਐਜੂਕੇਸ਼ਨ' ਦਾ ਲਾਭ ਅਸੀਂ ਆਉਣ ਵਾਲੇ ਸਮੇਂ ਵਿੱਚ ਵੀ ਕਰਦੇ ਰਹਿਏ ਤਾਂ ਜੋ ਵਿਦਿਆਰਥੀ ਨਵੀਂ ਟੈਕਨੋਲੋਜੀ ਨਾਲ ਅਪਡੇਟਿਡ ਰਹਿਣ।

ਆਤਿਫ਼ਾ ਖ਼ਾਨ

(ਕੰਪਿਊਟਰ ਫ਼ੈਕਲਟੀ)

ਸਕੰਸਸਸ ਮਾਲੇਰਕੋਟਲਾ

# Painting By Student




Pawanpreet kaur
12th D science
Gsss dhamot Ludhiana

# Painting By Student




Aneeta Rani

12th B

GSSS DHAMOT

# Painting By Student





Deep kiran kaur class 7th

# Painting By Student




Amandeep kaur d/o jagtar singh
class 10th
GSSS DHAMOT

# Painting By Student




Charanpreet kaur
Class 9th A
GHS Naurangabad

तरह तरह के करता काम।
कंप्यूटर है इसका नाम।

इसमें होती सी. डी. ड्राइव।
दिखलाती तुमको सभ लाइव।

इसमें होता एक मानीटर,
जितनी चाहो देखो पिक्चर

तरह तरह के खेलो खेल,
इसमें भेजो तुम ई - मेल।

तरह तरह के करता काम,
कंप्यूटर है इसका नाम।

Damanpreet Singh
damanpreetsingh969@gmail.com

# ਕੰਪਿਊਟਰ ਨਾਲ ਕਰੀਏ ਜਾਣ - ਪਛਾਣ

ਆਓ ਬੱਚਿਓ! ਕੰਪਿਊਟਰ ਨਾਲ ਕਰੀਏ ਜਾਣ- ਪਛਾਣ,
ਅੱਜ ਕੱਲ੍ਹ ਇਸਦੇ ਕੰਮ ਦੇਖਕੇ, ਲੋਕੀਂ ਇਸਨੂੰ ਕਹਿਣ ਮਹਾਨ।

- ਕੰਪਿਊਟਰ ਹੈ ਇੱਕ ਮਸ਼ੀਨ , ਜੋ ਡਾਟਾ ਪ੍ਰਾਪਤ ਕਰਦੀ,
  ਦੁਨੀਆਂ ਇਸਦੀ ਵਰਤੋਂ, ਅਖਵਾਰ ਛਾਪਣ ਲਈ ਕਰਦੀ।
  ਇਸਦੇ ਅਨੋਖੇ ਕੰਮ ਦੇਖਕੇ, ਲੋਕੀਂ ਰਹਿਣ ਹੈਰਾਨ,
  ਆਓ ਬੱਚਿਓ! ਕੰਪਿਊਟਰ ਨਾਲ ਕਰੀਏ ਜਾਣ- ਪਛਾਣ।

❖ਇਸਦੇ ਡਾਟਾ ਅਤੇ ਹਦਾਇਤਾਂ ਨੂੰ ,ਅਸੀਂ ਇਨਪੁੱਟ ਕਹੀਏ,
ਇਸ ਵੱਲੋਂ ਮਿਲੇ ਨਤੀਜੇ ਨੂੰ ,ਅਸੀਂ ਆਊਟਪੁੱਟ ਕਹੀਏ।
ਅਨੇਕਾਂ ਇਸਦੇ ਰੂਪ ਨੇ, ਕੀ ਹੈ ਅਨੋਖਾ ਗਿਆਨ?
ਆਓ ਬੱਚਿਓ! ਕੰਪਿਊਟਰ ਨਾਲ ਕਰੀਏ ਜਾਣ- ਪਛਾਣ।

- ਹਸਪਤਾਲਾਂ 'ਚ ਡਾਕਟਰੀ ਟੈਸਟ, ਘਰਾਂ ਵਿੱਚ ਗੀਤ ਸੁਣਾਉਂਦਾ,
  ਦਫਤਰਾਂ 'ਚ ਸਾਡਾ ਸਾਥ ਨਿਭਾਉਂਦਾ, ਬੈਂਕਾਂ 'ਚ ਹਿਸਾਬ ਕਰਾਉਂਦਾ।
  ਇੰਨਾਂ ਕੰਮ ਕਰ ਜਾਂਦਾ ਇਹ, ਕਰ ਨਾ ਸਕੇ ਇਨਸਾਨ,
  ਆਓ ਬੱਚਿਓ! ਕੰਪਿਊਟਰ ਨਾਲ ਕਰੀਏ ਜਾਣ- ਪਛਾਣ।

❖ਕੰਪਿਊਟਰ ਦੀ ਰਫਤਾਰ ਤੇਜ਼, ਇਹ ਕਰ ਲੈਂਦਾ ਗਣਨਾਵਾਂ,
ਜੋ ਵੀ ਇਨਪੁੱਟ ਦੇਈਏ, ਉਸ ਦੀ ਆਊਟਪੁੱਟ ਬਣਾਉਂਦਾ।
ਕਿੰਨੀ ਸਾਡੀ ਸਹਾਇਤਾ ਕਰਦਾ, ਕਿੰਨਾ ਇਸਨੂੰ ਗਿਆਨ,
ਆਓ ਬੱਚਿਓ! ਕੰਪਿਊਟਰ ਨਾਲ ਕਰੀਏ ਜਾਣ- ਪਛਾਣ।

**Ravinder Singh s/o S. Gurmeet Singh**
**CLASS:- IX (a)**
**SRS GHS JASSOWAL KULAR**
**The: Raikot, Distt, Ludhiana**

# History Of Computer

It is very difficult to find the exact origin of computers. But according to some experts computer exists at the time of world war 2. Also, at that time they were used for keeping data. But, it war for only government use and not for public use. Above all, in the beginning, the computer was a large and heavy machine.

Working Of A Computer:-The computer runs on a three-step cycle 'Namely', 'Input', 'Process' and 'Output'. In simple words, the process can be explained in this way. The data which we feed into the computer is 'Input', the work CPU do is 'Process' and the result which the computer give is 'Output'.

Components Of Computer:-The simple computer basically consists of 'CPU', 'Monitor', 'Mouse' and 'Keyboard'. Also, there are hundreds of other computer parts that can be attached to it. These other parts include a 'Printer', 'Laser Pen', 'Scanner' etc.

Uses Of Computer:-Computers are use in 'Schools', 'Colleges', 'Banks', 'Medicals', 'Hospitals' and also for 'Research'. Whether it's 'Scientific Research', 'Space Research' or any 'Social Research' computers help in all of them.

Threats From A Computer:-Computers have become a necessity also, they have become a threat too. This is due to hackers who steal your Private Data and leak them on internet. Also anyone can access this data. Apart from that, there are other threats like 'Viruses', 'Spams', 'Bug' and many other problems.The 'Computer' is a very important machine that has become a useful part of our life. Till now it is a great discovery of mankind that has helped in saving thousands and millions of lives.

Harleen Kaur
Class +1
Govt. Sen. Sec. School. Soondh Maksoodpur.

# कंप्यूटर पर निबंध

आज हमारा युग कंप्यूटर का युग बन गया है। लोगों का आपसी मेल मिलाप कम होता जा रहा है शिष्टाचार भी कम होता जा रहा है। कंप्यूटर, मोबाइल ,व्यक्ति के जीवन का एक हिस्सा बन गया है उनकी सुबह की शुरुआत से लेकर रात के सोने तक कंप्यूटर मोबाइल ने ले लिया है। हमें कंप्यूटर को अपना सहयोगी समझकर अपनाना चाहिए ना की जीवन का हिस्सा,परंतु यह भी हम नजर-अंदाज नहीं कर सकते.

**कंप्यूटर का इतिहास:-** सबसे पहले 1000 ई.पू. जापान में एबेकस नामक यंत्र तैयार किया गया था इसके माध्यम से गणित के प्रश्नों का हल किया जाता था और फिर फ्रांस के ब्लेज पैस्कल ने 1673 इसवी में कंप्यूटर को बनाकर तैयार किया। परंतु आधुनिक कंप्यूटर का आविष्कार का श्रेय इंग्लैंड के चार्ल्स बैबेज को जाता है 1833 में उन्होंने इसे बनाया था। इसकी लोकप्रियता को देखकर भारत सरकार ने 1965 में इसका आयात किया 1985 में निजी कंप्यूटर आया फिर 1986 में आधे मूल्य में इसका आयत किया अब इसका प्रयोग शिक्षा के क्षेत्र में विशाल रूप से किया जाता है।

**कंप्यूटर क्या है:-** कंप्यूटर एक प्रकार से यांत्रिक मस्तिष्क या यूं कहें इलेक्ट्रॉनिक डिवाइस है कंप्यूटर शब्द लैटिन शब्द से लिया गया है इसका अर्थ होता है गणना करना ,कंप्यूटर बहुत कम समय में गणना करके हमारे आंखों के सामने इसकी गणना निकाल देता है।

**कंप्यूटर के उपयोग (लाभ):-** कंप्यूटर का उपयोग औद्योगिक क्षेत्र , घरों में , शिक्षा के क्षेत्र , सूचना एवं समाचार के क्षेत्र , बैंक, विज्ञान , चिकित्सा तथा स्वास्थ्य , दरअसल ऐसा कोई क्षेत्र नहीं बचा जहां कंप्यूटर का प्रयोग नहीं किया जाता है यह कार्य को बहुत ही कम समय में पूरा कर देता है।

**कंप्यूटर से हानि:-** मानव को बीमार , स्वास्थ्य पर हानिकारक प्रभाव, आंखों को नुकसान, लोगों का मिलना जुलना बंद हो गया लोग ज्यादातर सोशल नेटवर्किंग साइट जैसे ,फेसबुक ,व्हाट्सएप्प ,पर चैट करना ज्यादा पसंद करने लगे हैं, रोजगार छीन रहा है,
साइबर क्राइम बढ़ रहे हैं।


**Name:-Krrish kumar S/O Arjun kumar**

**Class:-9th B**

**Roll No:- 12**

**School Name:-G.S.S.S.SCHOOL**

**Khotharan Road,Phagwara,Kapurthala,**

**Punjab,144401 .**

# ਅਨੋਖੀ ਕਾਢ

ਕੰਪਿਊਟਰ ਇਨਸਾਨ ਦੀ ਇਕ ਅਜਿਹੀ ਕਾਢ ਹੈ , ਜਿਸ ਨਾਲ ਇਨਸਾਨ ਨੂੰ ਅਨੇਕਾਂ ਲਾਭ ਹੋਏ ਨੇ , ਵੈਸੇ ਤਾਂ ਇਸ ਕਾਢ ਦੀ ਕੋਈ ਹਾਨੀ ਨਹੀਂ ਪਰ ਇਨਸਾਨ ਦੀ ਦੁਰਵਰਤੋਂ ਕਾਰਨ ਇਸ ਕਾਢ ਨਾਲ ਕੁਝ ਹਾਨੀਆਂ ਵੀ ਹੋਈਆਂ ਹਨ। ਜਿਵੇਂ : ਬੱਚਿਆਂ ਦੀ ਅੱਖਾਂ ਦੀਆਂ ਨਿਗਾਹ ਕਮਜ਼ੋਰ ਹੋਣੀ ਤੇ ਅੱਖਾਂ ਤੇ ਮੋਟੇ - ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲੱਗਣੀਆਂ ,ਕੰਪਿਊਟਰ ਦੀ ਵਰਤੋਂ ਨਾਲ ਲੋਕਾਂ ਨੂੰ ਠੱਗਣਾ ਆਦਿ।

ਪਰ ਜੇ ਇਸ ਦੇ ਲਾਭ ਦੀ ਗੱਲ ਕਰੀਏ ਤਾਂ ਇਸ ਦੇ ਅਨੇਕਾਂ ਹੀ ਲਾਭ ਸਾਡੇ ਸਾਹਮਣੇ ਆਉਂਦੇ ਨੇ। ਜਿਵੇਂ : ਰੋਜ਼ਗਾਰ ਵਿਚ ਵਾਧਾ, ਕਿਸੇ ਨੂੰ ਜੇ ਸੰਦੇਸ਼ਾ ਭੇਜਣ ਵਿਚ ਅਸਾਨੀ, ਪੋਸਟਰ ਜਾਂ ਵਿਜ਼ਿਟਿੰਗ ਕਾਰਡ ਬਣਾਉਣੇ ਆਦਿ।

ਅੱਜ ਦੇ ਸਮੇਂ ਵਿੱਚ ਕੰਪਿਊਟਰ ਦੀ ਵਰਤੋਂ ਘੱਟ ਚੁੱਕੀ ਹੈ ਤੇ ਦਿਨੋਂ ਦਿਨ ਘਟਦੀ ਜਾ ਰਹੀ ਹੈ। ਇਸ ਦਾ ਕਾਰਨ ਹੈ , ਮੋਬਾਈਲ , ਜੀ ਹਾਂ ਮੋਬਾਈਲ। ਅੱਜ ਦੇ ਸਮੇਂ ਵਿੱਚ ਮੋਬਾਈਲ ਕੰਪਿਊਟਰ ਦਾ ਲਗਭਗ ਸਾਰਾ ਕੰਮ ਕਰ ਲੈਂਦਾ ਹੈ ਤੇ ਉਹ ਕੰਮ ਕਰਨ ਵਿਚ ਅਸਾਨੀ ਵੀ ਹੁੰਦੀ ਹੈ ਅਤੇ ਅਸੀਂ ਮੋਬਾਈਲ ਨੂੰ ਆਪਣੇ ਨਾਲ ਜੇਬ ਵਿਚ ਰੱਖ ਕੇ ਕਿਤੇ ਮਰਜ਼ੀ ਲੈਕੇ ਜਾ ਸਕਦੇ ਹਾਂ।

ਜੇ ਅਸੀਂ ਇਨਸਾਨ ਦੀ ਇਸ ਅਨੋਖੀ ਕਾਢ ਦੀ ਸਹੀ ਵਰਤੋਂ ਕਰੀਏ ਤਾਂ ਸਾਨੂੰ ਬਹੁਤ ਲਾਭ ਮਿਲ ਸਕਦਾ ਹੈ। ਜੇ ਮੈਂ ਅੱਜ ਦੇ ਜ਼ਮਾਨੇ ਦੀ ਗੱਲ ਕਰਾਂ ਤਾਂ ਕੰਪਿਊਟਰ ਦੀ ਸਹਾਇਤਾ ਨਾਲ ਤੇ ਆਪਣੀ ਸੂਝ ਬੂਝ ਨਾਲ ਅਸੀਂ ਬਹੁਤ ਧੰਨ ਵੀ ਕਮਾ ਸਕਦੇ ਹਾਂ। ਇਸ ਦੀ ਜੇ ਸਹੀ ਵਰਤੋਂ ਕੀਤੀ ਜਾਵੇ ਤਾਂ ਇਹ ਸਾਡੇ ਲਈ ਮਨ ਪਰਚਾਵੇ ਦਾ ਸਾਧਨ ਵੀ ਹੈ। ਸਿੱਟਾ - ਕੰਪਿਊਟਰ ਇਨਸਾਨ ਦੀ ਇਕ ਅਜਿਹੀ ਕਾਢ ਹੈ ਕਿ ਜੇ ਇਨਸਾਨ ਇਸ ਦੀ ਸਹੀ ਵਰਤੋਂ ਕਰੇ ਤਾਂ ਉਸ ਨੂੰ ਬਹੁਤ ਲਾਭ ਮਿਲ ਸਕਦਾ ਹੈ।

ਅਰਸ਼ ਗਰਗ
ag83303@gmail.com

# COMPUTER LAB RULES

C—CLEAN HANDS AT ALL TIMES.
O—ONLY VISIT APPROVED WEBSITES.
M—MAKE SURE TO FOLLOW ALL INSTRUCTIONS.
P—PRINT ONLY IF YOU HAVE PERMISSION.
U—USE HEADPHONES.
T—TOUCH THE KEYBORAD LIGHTLY.
E—EATING AND DRINKING NOT ALLOWED.
R—REPORT ALL PROBLEMS TO THE TEACHERS.

L—LEARNING IS THE MAIN FOCUS.
A—ALL STUDENTS USING TECHNOLOGY.
B—BE PRODUCTIVE.

R—RESPECT THE COMPUTERS AND EQUIPMENTS.
U—USE A QUIET VOICE.
L—LOG OFF THE COMPUTERS.
E—EXIT ALL PROGRAMS,LEAVE COMPUTER AS YOU FOUND IT.
S—STAY IN YOUR SEAT.

HARSIMRAN KAUR 12TH A
GSSS DHAMOT(LDH.)

# ਇੰਟਰਨੈੱਟ

ਇੰਟਰਨੈੱਟ ਹੈ ਨੈੱਟਵਰਕਾਂ ਦਾ ਜਾਲ, ਤਕਨੀਕ ਏ ਭਾਈ ਬਾ-ਕਮਾਲ
ਹੁਣ ਤੱਕ ਦੀ ਸਭ ਤੋਂ ਉੱਤਮ ਖੋਜ ,ਲੋੜ ਏ ਸਾਨੂੰ ਇਸ ਦੀ ਹਰ ਰੋਜ਼

ਆਓ ਬੱਚਿਓ ਇੰਟਰਨੈੱਟ ਸੇਵਾਵਾਂ ਪੜ੍ਹੀਏ ਜਾਣਕਾਰੀ ਵਿੱਚ ਵਾਧਾ ਕਰੀਏ।
1. ਪਹਿਲੀ ਸੇਵਾ ਵਰਲਡ ਵਾਈਡ ਵੈੱਬ(WWW), GK ਦੇ ਇਹ ਕੱਢੇ ਚੈੱਬ,
ਸੰਸਾਰ ਹੈ ਇਨ੍ਹੇ ਛੋਟਾ ਕਰਤਾ ਜਾਣਕਾਰੀ ਦਾ ਖਜ਼ਾਨਾ ਭਰਤਾ।
ਲੱਖਾਂ ਈ ਵੈੱਬਸਾਈਟਾਂ ਦੇ ਢੇਰ, ਖੁਲ੍ਹਣ ਲੱਗਿਆਂ ਨਾ ਲੱਗੇ ਦੇਰ।

2. ਦੂਜੀ ਸੇਵਾ ਈ ਮੇਲ ਸੰਦੇਸ਼ ,ਭਾਵੇਂ ਹੋਵੇ ਕੋਈ ਵੀ ਦੇਸ਼
ਸਰਹੱਦਾਂ ਤੋਂ ਪਾਰ ਏ ਜਾਵੇ, ਹਰ ਤਰ੍ਹਾਂ ਦੀ ਸੂਚਨਾ ਪਹੁੰਚਾਵੇ
ਪਹੁੰਚਾਵਣ ਲੱਗਿਆਂ ਦੇਰ ਨਾ ਲਾਵੇ,ਸੂਚਨਏ ਕੁਝ ਕ ਸੈਕਿੰਡਾਂ ਵਿੱਚ ਪਹੁੰਚ ਜਾਵੇ।

3. ਤੀਜੀ ਸੇਵਾ ਆਨ ਲਾਈਨ ਵਪਾਰ, E-COMMERCE ਦੀ ਹੈ ਭਰਮਾਰ
ਆਓ ਬੱਚਿਓ ਇੱਕ ਬਟਨ ਦਬਾਈਏ, ਜੋ ਚਾਹੀਏ ਘਰ ਬੈਠੇ ਪਾਈਏ
ਕਿਓਂ ਜਾਈਏ ਅਸੀਂ ਹੁਣ ਬਜ਼ਾਰ ,
ਆਓ ਬਣੀਏ ਮਾਡਰਨ ਖਰੀਦਦਾਰ, ਆਓ ਕਰੀਏ ਆਨ ਲਾਈਨ ਵਪਾਰ

4. ਆਪਸ ਵਿੱਚ ਗੱਲਬਾਤ ਜੇ ਕਰਨੀ ਚਾਹੀਏ,chatting service ਨੂੰ ਅਪਣਾਈਏ
chat room, pure ਤੇ google chat ਸੈਂਕੜੇ ਹੀ ਨੇ ਇਸ ਦੇ ਐਪ
5. google, bing , ਤੇ yahoo ਇਹ ਹਨ ਭਾਈ ਸਰਚ ਇੰਜਣ
ਸੂਚਨਾ ਲੱਭਣ , ਨਾ ਕਦੇ ਵੀ ਖਿੱਝਣ
ਸਰਚ ਇੰਜਣ ਹਨ ਪਿਆਰੇ ਸਭ ਦੇ
ਕੁਝ ਕੁ ਸ਼ਬਦਾਂ ਦੇ ਸੁਮੇਲ ਤੋਂ ਈ ਪੂਰੀ ਸੂਚਨਾ ਲੱਭਦੇ।

6. ਆਓ ਖੁਦ ਨੂੰ ਅਪ ਟੂ ਡੇਟ ਕਰੀਏ,ਇੰਟਰਨੈੱਟ ਤੋਂ ਖਬਰਾਂ ਪੜ੍ਹੀਏ
Latest ਮਸਲੇ ਤੇ Latest views , ਆਓ ਦੇਖੀਏ e- news
7. Online living ਦਾ ਆ ਗਿਆ ਜ਼ਮਾਨਾ
ਹਰ ਕੋਈ video conferencing ਦਾ ਦੀਵਾਨਾ
ਆਓ ਦੂਰ ਬੂਠੇ ਵੀ ਮਿਲ ਕੇ ਬਹੀਏ,
zoom, meet ਤੇ jitsi ਰਾਹੀਂ VC ਕਰੀਏ

- ਗੁਰਮੀਤ ਕੌਰ (ਕੰਪਿਊਟਰ ਫੈਕਲਟੀ )
ਸਸਸਸ ਪੱਕਾ ਕਲਾਂ ਬਠਿੰਡਾ

# ਕੰਪਿਊਟਰ ਯੁੱਗ

ਕਾਢਾਂ ਸਾਇੰਸ ਦੀਆਂ ਬੜੀਆਂ ਅਨੋਖੀਆਂ ਨੇ
ਜੀਹਦੇ ਨਾਲ ਹੈ ਬੰਦਾ ਮਹਾਨ ਬਣਿਆ

ਕੰਪਿਊਟਰ ਦੀ ਖੋਜ ਹੈ ਬੜੀ ਵੱਡੀ
ਜੀਹਦੇ ਕਾਰਨ ਹੈ ਜੀਵਨ ਆਸਾਨ ਬਣਿਆ

ਸਿੱਖਿਆ ਮੀਡੀਆ ਬੈਂਕ ਵਪਾਰ ਖੇਡਾਂ
ਹਰ ਖੇਤਰ ਚ' ਇਹ ਵਰਦਾਨ ਬਣਿਆ

ਇੰਟਰਨੈੱਟ ਹੈ ਬੇ ਮਿਸਾਲ ਸੁਵਿਧਾ
ਜੋ ਹੈ ਅੱਜ ਵਿਗਿਆਨ ਦੀ ਸ਼ਾਨ ਬਣਿਆ

ਸਮਝ ਸਕਦੈ ਮਨੁੱਖ ਦੀਆਂ ਭਾਵਨਾਵਾਂ
ਨਵੇਂ ਗਿਆਨ ਦਾ ਨਵਾਂ ਰੁਝਾਨ ਬਣਿਆ

ਇਨ੍ਹਾਂ ਖੋਜਾਂ ਨੂੰ ਦੇਖ ਕੇ ਇੰਜ ਲੱਗਦੈ
ਅੱਜ ਇਨਸਾਨ ਹੈ ਅੱਧਾ ਭਗਵਾਨ ਬਣਿਆ

ਇਨ੍ਹਾਂ ਖੋਜਾਂ ਨੂੰ ਦੇਖ ਕੇ ਇੰਜ ਲੱਗਦੈ
ਅੱਜ ਇਨਸਾਨ ਹੈ ਅੱਧਾ ਭਗਵਾਨ ਬਣਿਆ

ਅੱਜ ਤਕਨਾਲੋਜੀ ਜਿੰਨਾ ਵਿਕਾਸ ਕਰ ਗਈ
ਇਸ ਸਭ ਦਾ ਆਧਾਰ,ਕੰਪਿਊਟਰ ਹੀ ਹੈ

ਜਿੰਨੀਆਂ ਐਪਸ ਅੱਜ ਮੋਬਾਈਲਾਂ ਚ ਨੇ
ਇਹ ਹੈ ਜੀਦਾ ਪਰਿਵਾਰ,ਕੰਪਿਊਟਰ ਹੀ ਹੈ

ਚੰਦ, ਮੰਗਲ, ਗ੍ਰਿਹਾਂ ਤੇ ਪਹੁੰਚਣੇ ਦਾ
ਸੁਪਨਾ ਕਰੇ ਸਾਕਾਰ, ਕੰਪਿਊਟਰ ਹੀ ਹੈ

ਬੰਦਿਆਂ ਵਾਂਗ ਰੋਬੋਟ ਜੋ ਕੰਮ ਕਰਦਾ
ਉਹ ਵੀ ਮੇਰੀ ਸਰਕਾਰ, ਕੰਪਿਊਟਰ ਹੀ ਹੈ

ਦੂਰੀ ਤਨਾਂ ਤੇ ਮਨਾਂ ਦੀ ਦੂਰ ਹੋ ਗਈ ਨੇੜੇ
ਕੀਤਾ ਸੰਸਾਰ, ਕੰਪਿਊਟਰ ਹੀ ਹੈ

ਆਨਲਾਈਨ ਗਿਆਨ ਤੇ ਵਿੱਦਿਆ ਦਾ
ਕੀਤਾ ਜਿਹਨੇ ਪ੍ਰਸਾਰ, ਕੰਪਿਊਟਰ ਹੀ ਹੈ

ਜੈਸਾ ਇਹ ਵਰਦਾਨ ਵਿਗਿਆਨ ਦਾ ਹੈ
ਐਸਾ ਕੋਈ ਵਰਦਾਨ ਨਹੀਂ ਹੋ ਸਕਦਾ

ਮੁੱਕਦੀ ਗੱਲ ਕੰਪਿਊਟਰ ਦੀਆਂ ਖ਼ੂਬੀਆਂ ਦਾ
ਸ਼ਬਦਾਂ ਵਿੱਚ ਬਿਆਨ ਨਹੀਂ ਹੋ ਸਕਦਾ

ਹਰਸਿਮਰਨਜੋਤ ਕੌਰ ਕੰਪਿਊਟਰ ਫੈਕਲਟੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਠੌਲਾ ਜਲੰਧਰ

# ਈ-ਮੇਲ

ਸੁਣੋ ਬੱਚਿਓ ਜਰਾ ਸੁਣੋ ਬੱਚਿਓ
ਈ- ਮੇਲ ਆਈ  ਦੇਖੋ ਈ- ਮੇਲ ਆਈ
ਮਾਡਰਨ ਦੁਨੀਆਂ ਵਿੱਚ ਇੰਟਰਨੈੱਟ ਦੀ
ਫਰੀ ਸੂਚਨਾ ਭੇਜਣੇ ਵਾਲੀ ਸੇਵਾ ਆਈ
ਘੁੰਮਦੀ ਘੁਮਾਉਂਦੀ ਦੇਖੋ ਈ - ਮੇਲ ਆਈ

ਇੰਟਰਨੈੱਟ ਨਾਲ਼ ਬੜੀ ਪੱਕੀ ਇਹਦੀ ਆੜੀ
ਬਿਨ੍ਹਾਂ ਇੰਟਰਨੈੱਟ ਇਹ  ਥਾਂਹੇ ਮਰਦੀ ਬਿਚਾਰੀ
ਮਿੰਟਾਂ ਵਿੱਚ ਈ ਇਧਰੋਂ ਓਧਰ ਚਲੀ ਜਾਵੇ
ਸੋਹਣੇ ਸੁਨੇਹੇ ਇਕ ਦੂਜੇ ਤਾਈਂ ਪੁਚਾਵੇ
ਅੱਖਰਾਂ ਫੋਟੋਆਂ , ਅਵਾਜ਼ਾਂ ਤੇ ਵੀਡੀਓ ਨੂੰ
ਛੇਤੀ ਛੇਤੀ ਘੁੰਮ ਘੁੰਮ ਦਿਖਾਵੇ
ਸਾਰੇ ਜਰੂਰੀ ਕੰਮ ਇਹ ਝੱਟਪੱਟ ਕਰਵਾਏ
ਸਕੂਲਾਂ ਤੇ ਦਫ਼ਤਰਾਂ ਦਾ ਮਾਣ ਇਹ ਵਧਾਵੇ
ਅੱਧੀ ਦੁਨੀਆਂ ਚੱਲੇ ਅੱਜਕਲ੍ਹ ਈ-ਮੇਲ ਦੇ ਸਹਾਰੇ
ਜਰੂਰੀ ਹੋ ਗਈ ਸਰਕਾਰ ਦੁਆਰੇ
ਈ-ਮੇਲ ਆਈ ਦੇਖੋ ਈ-ਮੇਲ ਆਈ ।

ਅਮਰਜੀਤ ਕੌਰ (ਸੀ.ਐੱਫ)
ਸਸਸ ਸਮਾਰਟ ਸਕੂਲ ਸਾਹਲੋਂ ਨਵਾਂਸ਼ਹਿਰ
ਜ਼ਿਲ੍ਹਾ ਸਭੱਸ ਨਗਰ ।




# ਈ-ਸਿਮ ਕੀ ਹੈ?

ਈ-ਸਿਮ ਇੱਕ ਇਲੈਕਟ੍ਰਾਨਿਕ ਸਿਮ ਹੈ ਜੋ ਰਵਾਇਤੀ ਸਿਮ ਦੀ ਥਾਂ ਤੇ ਪ੍ਰਯੋਗ ਕੀਤਾ ਜਾਂਦਾ ਹੈ। ਇਹ ਇੱਕ ਤਰਾਂ ਦੀ ਇਲੈਕਟ੍ਰਾਨਿਕ ਚਿੱਪ ਹੁੰਦੀ ਹੈ ਜੋ ਤੁਹਾਡੀ ਪਹਿਚਾਣ ਤੁਹਾਡੇ ਮੋਬਾਈਲ ਸੇਵਾ ਪ੍ਰਦਾਨ ਕਰਨ ਵਾਲੀ ਕੰਪਨੀ ਨਾਲ ਪ੍ਰਮਾਣਿਤ ਕਰਦੀ ਹੈ।ਈ-ਸਿਮ ਟੈਕਨੋਲੋਜੀ ਦੇ ਵਿੱਚ ਇੱਕ ਇੰਟੀਗਰੇਟਡ ਸਰਕਟ ਡਿਵਾਈਸ ਦੇ ਮਦਰਬੋਰਡ ਤੇ ਲਗਾਇਆ ਜਾਂਦਾ ਹੈ ਜਿਸਦੇ ਵਿੱਚ ਉਹ ਸਾਰੀ ਜਾਣਕਾਰੀ ਮੋਜੂਦ ਹੁੰਦੀ ਹੈ ਜੋ ਮੋਬਾਈਲ ਨੈਟਵਰਕ ਨਾਲ ਜੁੜਨ ਲਈ ਲੋੜੀਂਦੀ ਹੈ।ਈ-ਸਿਮ ਘੁੰਮਣ-ਫਿਰਨ ਦੇ ਸੌਕੀਨ ਲੋਕਾਂ ਲਈ ਬਹੁਤ ਲਾਹੇਵੰਦ ਹੈ ਰਵਾਇਤੀ ਸਿਮ ਹੋਣ ਤੇ ਇਹਨਾਂ ਲੋਕਾਂ ਨੂੰ ਆਪਣਾ ਸਿਮ ਮੋਬਾਈਲ ਦੇ ਵਿੱਚੋ ਕੱਢਕੇ ਬਦਲਣਾ ਪੈਂਦਾ ਹੈ ਪਰ ਈ-ਸਿਮ ਕਰਕੇ ਇਹ ਸੱਮਸਿਆ ਹੱਲ ਹੋ ਗਈ ਹੈ।ਈ-ਸਿਮ ਦੇ ਨਾਲ ਅਸੀ ਬੜੀ ਆਸਾਨੀ ਨਾਲ ਆਪਣਾ ਸਿਮ ਅਤੇ ਆਪਣੀ ਮੋਬਾਈਲ ਸੇਵਾ ਪ੍ਰਦਾਨ ਕਰਨ ਵਾਲੀ ਕੰਪਨੀ ਬਦਲ ਸਕਦੇ ਹਾਂ।ਜੇਕਰ ਅਸੀਂ ਆਪਣੇ ਮੋਬਾਈਲ ਤੇ ਵਿੱਚ ਦੋ ਸਿਮਾਂ ਦੀ ਵਰਤੋਂ ਕਰਦੇ ਹਾਂ ਤੇ ਅਸੀਂ ਬੜੀ ਆਸਾਨੀ ਇੱਕ ਸਿਮ ਤੋ ਦੂਜੇ ਸਿਮ ਤੇ ਸਵਿੱਚ ਕਰ ਸਕਦੇ ਹਾਂ ਕਿਉਂਕਿ ਈ-ਸਿਮ ਟੈਕਨੋਲੋਜੀ ਬਹੁ ਖਾਤਿਆਂ ਨੂੰ ਸਪੋਰਟ ਕਰਦੀ ਹੈ।ਗੂਗਲ ਪਿਕਸਲ 2,ਆਈਫੋਨ ਐਕਸ ਐੱਸ,ਆਈਫੋਨ ਐਕਸ ਐੱਸ ਮੈਕਸ,ਆਈਫੋਨ 12 ਪ੍ਰੋ ਮੈਕਸ,ਸੈਮਸੰਗ ਗੈਲਕਸੀ 12 ਪ੍ਰੋ ਅਲਟਰਾ ਆਦਿ ਫੋਨ ਈ-ਸਿਮ ਟੈਕਨੋਲੋਜੀ ਨੂੰ ਸਪੋਰਟ ਕਰਦੇ ਹਨ।



# ਬਿਟਕੋਇਨ ਕੀ ਹੈ?

ਬਿਟਕੋਇਨ ਇੱਕ ਡਿਜੀਟਲ ਮੁਦਰਾ ਹੈ ਜਿਸ ਨੂੰ ਇੱਕ ਕੰਪਿਊਟਰ ਪ੍ਰੋਗਰਾਮਰ ਜਾਂ ਕੰਪਿਊਟਰ ਪ੍ਰੋਗਰਾਮਰਾਂ ਦੇ ਸਮੂਹ ਜਿਨ੍ਹਾਂ ਨੂੰ ਸਤੋਸ਼ੋ ਨਾਕੋਮੋਟੋ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਨੇ 2008 ਦੇ ਵਿੱਚ ਖੋਜਿਆ ਅਤੇ 2009 ਦੇ ਵਿੱਚ ਇਸਦਾ ਚਲਨ ਸ਼ੁਰੂ ਹੋਇਆ।ਬਿਟਕੋਇਨ ਮੁਦਰਾ ਕਿਸੇ ਬੈਂਕ ਦੇ ਵੱਲੋ ਪ੍ਰਮਾਣਿਤ ਮੁਦਰਾ ਨਹੀਂ ਹੈ।ਬਿਟਕੋਇਨ ਮੁਦਰਾ ਦੀ ਵਰਤੋਂ ਚੀਜਾਂ ਖਰੀਦਣ ਅਤੇ ਸੇਵਾਵਾਂ ਦਾ ਭੁਗਤਾਨ ਕਰਨ ਲਈ ਕੀਤੀ ਜਾਂਦੀ ਹੈ।ਬਿਨਕੋਇਨ ਇੱਕ ਵਿਕੇਂਦਰੀਕ੍ਰਿਤ ਮੁਦਰਾ ਹੈ ਜੋ ਬਿਨਾਂ ਕਿਸੇ ਵਿਚੋਲੇ ਦੇ ਇੱਕ ਯੂਜ਼ਰ ਤੋਂ ਦੂਜੇ ਯੂਜ਼ਰ ਦੇ ਕੋਲ ਪੀਅਰ-ਟੂ-ਪੀਅਰ ਨੈੱਟਵਰਕ ਤੇ ਪੁਜਦੀ ਹੈ।

-ਅੰਮ੍ਰਿਤਬੀਰ ਸਿੰਘ ਕੰਪਿਊਟਰ ਫੈਕਲਟੀ ਸਰਕਾਰੀ ਹਾਈ ਸਕੂਲ ਦਿਆਲ ਭੜੰਗ ਅੰਮ੍ਰਿਤਸਰ।

# ਪਿਆਰੇ ਵਿਦਿਆਰਥੀਓ ਆਓ PUZZLE ਹੱਲ ਕਰੀਏ

| | | | | | | | | | | | | | | |
|---|---|---|---|---|---|---|---|---|---|---|---|---|---|---|
| S | E | S | A | E | R | A | M | T | Y | S | X | K | Z | V |
| Q | U | S | F | G | H | O | O | P | M | I | K | E | I | L |
| Z | D | C | F | G | H | J | N | S | B | T | B | Y | T | E |
| H | F | Z | X | V | Z | M | I | T | U | E | R | B | V | H |
| A | V | O | F | G | H | J | T | F | V | K | L | O | Q | R |
| C | X | O | E | R | T | P | O | R | T | D | V | A | Z | X |
| K | E | M | O | U | S | E | R | Z | X | V | Q | R | K | L |
| J | L | G | D | S | Q | N | X | D | T | Y | C | D | W | X |
| C | F | O | N | T | U | D | Z | W | E | R | T | Y | U | I |
| B | L | G | F | G | Y | R | O | M | Q | W | R | P | Y | Z |
| W | O | S | O | D | J | I | V | Z | C | A | C | H | E | X |
| D | P | C | R | V | H | V | S | F | G | R | Q | O | D | R |
| Q | P | B | M | D | L | E | A | R | P | H | O | N | E | H |
| C | Y | M | A | W | F | A | S | D | F | G | J | E | Q | W |
| Z | N | B | T | A | B | L | E | T | S | C | V | B | G | Y |

**ਜੋ ਸ਼ਬਦ ਲੱਭਣੇ ਹਨ**

1. PEN DRIVE
2. ROM
3. EARPHONE
4. MOUSE
5. RAM
6. MONITOR
7. PORT
8. KEYBOARD
9. CD
10. MIKE
11. FLOPPY
12. TABLET
13. PHONE
14. BYTE
15. SITE
16. CACHE
17. HACK
18. ZOOM
19. FORMAT
20. FONT

SIMRAN GILL

SIMARJEET KAUR (COMPUTER FACULTY)
GHS KOKRI PHOOLA SINGH (MOGA)

# ਕਵਿਤਾ

ਦੀਪੀ ਕਹਿੰਦਾ ਸੁਣ ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।
ਐਸੀ ਇੱਕ ਮਸ਼ੀਨ ਉਹ ਕਿਹੜੀ,
ਜੋ ਬੰਦੇ ਲਈ ਦਾਤ।
ਉਹ ਕੇਵਲ ਨਾ ਗਿਣਨਾ ਜਾਣੇ,
ਅੱਖਰ ਜੋੜ ਵੀ ਸਕਦੀ।
ਜੋੜ,ਘਟਾਉ ਤੇ ਗੁਣਾ,ਵੰਡ ਤਾ,
ਪਲਾਂ-ਸ਼ਿਨਾ ਵਿੱਚ ਕਰਦੀ।
ਇਸਨੇ ਹੋਰ ਮਸ਼ੀਨਾਂ ਤਾਈ,
ਪਾ ਦਿੱਤੀ ਇਹ ਮਾਤ।
ਦੀਪੀ ਕਹਿੰਦਾ,ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।
ਬਟਨ ਦਬਾ ਕੇ ਟਾਈਪ ਕਰੋ ਤੇ,
ਫੀਡ,ਰਿਕਾਰਡ ਵੀ ਕਰ ਲਓ।
ਚਿੱਤਰ ਬਣਾ ਲੋ, ਭਾਵੇਂ ਰੰਗ ਵੀ,
ਮਨਮਰਜ਼ੀ ਦੇ ਭਰ ਲਓ।
ਦੀਪੀ ਕਹਿੰਦਾ,ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।
ਕੀਬੋਰਡ ਦੇ ਵਾਂਗੂੰ ਇਸ ਦਾ,
ਹੈ ਮੁੱਖ ਅੰਗ ਮੋਨੀਟਰ।
ਬੰਦੇ ਦੇ ਕੰਮ ਕਰੇ ਅਨੇਕਾਂ,
ਕੀ ਘਰ ਤੇ ਕੀ ਦਫਤਰ।
ਕੰਮ ਕਰਦਿਆਂ ਜ਼ਰਾ ਨਾ ਥਕੇ,
ਵੇਖੇ ਨਾ ਦਿਨ ਰਾਤ।
ਅੱਜ ਕੱਲ੍ਹ ਤਾਂ ਇਹ ਸਿੱਖਣਾ ਇਸ ਨੂੰ,
ਹੋਇਆ ਬੜਾ ਜਰੂਰੀ।
ਨਹੀਂ ਤਾਂ ਅੱਜ ਕਲ੍ਹੱ ਸਿੱਖਿਆ ਇਸਦੇ, ਬਾਝੋ
ਰਹੇ ਅਧੂਰੀ।
ਦਿਓ ਕਮਾਂਡ ਤੇ ਇਹ ਸੁਣੋ ਮਿਊਜ਼ਿਕ,
ਅਜਬ ਹੈ ਇਹ ਕਰਾਮਾਤ।
ਦੀਪੀ ਕਹਿੰਦਾ ਸੁਣ ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।

ਨਾਮ: ਸੁਖਵਿੰਦਰ ਕੌਰ
ਕਲਾਸ: 10ਵੀਂ "ਬੀ"
ਸ.ਸ.ਸ.ਸਕੂਲ ਨਾਰਾ ਹੁਸ਼ਿਆਰਪੁਰ 2ਬੀ

# WORD SEARCH

A B C D E B F G I E

S H E I W O R D T X

H J X K L L M N A T

A O C P A D Q R L B

P S E T U C V W I O

E X L Y Z A C B C X

S S H E E T C E D E

F G H I J K L M S O

W O R K S H E E T S

## HELP BOX

- Excel
- Access
- Word
- Bold
- Shapes
- Italic
- Textbooks
- Worksheets

WPS Office

Khushboo Verma class : 9th c School : Govt. Girls Sen. Sec. School Barnala , Teacher Name: Rekha Computer Faculty

# *Importance of Computer Education*

Computer education in schools plays an important role in students' career development. Computer with the internet is the most powerful device that students can use to learn new skills and more advanced version of current lessons. Schools all around the globe are teaching student's the basics of computers, language of Computer and internet.

The uses of computers and internet are growing day by day at high speed. In almost all business, companies, schools using computers for various official operations. Computers help students to draw the creativity on the computer such as by using windows paint program. If students are taking Punjabi Classes or poem writing then they can do it by typing in Punjabi on computers. If students are taking Mathematical classes they can use Microsoft Excel application to solve and understand questions.

Parents want their kids to be intelligent and creative. They want to see their high marks at the end of the year. They don't want to see their kids don't know about computers when other knows very well. Computers and the internet not only help students to explore creativity and imagination but also help to understand technologies. Students are the future leaders of any nation. In our school students are future doctors, engineers, etc. So, for the education development, it is really important to teach students in schools about computers.

In schools, computer education is one of the most important subject if you compare this with the current technological updates and demands of computer knowledge in various government and private sectors jobs. In our schools computer teachers teaches students about How to use computers, How to understand, the benefits of using various application such as Microsoft word, excel, power point, computer language & Internet etc. in this school teachers teach the student theory & practical of computer Subjects. Computer Education plays very important role in our life and career development.

Jaspal Singh
Computer Faculty
Govt. Sen Sec School Naru Nangal (Hoshiarpur)

# ਕੰਪਿਊਟਰ ਟੈਕਨੋਲੋਜੀ ਦਾ ਯੁੱਗ

ਅੱਜ ਦਾ ਯੁੱਗ ਵਿਗਿਆਨ ਅਤੇ ਕੰਪਿਓਟਰ ਟੈਕਨੋਲੋਜੀ ਦਾ ਯੁੱਗ ਹੈ ।ਤਕਨੀਕੀ ਉੱਨਤੀ ਵਿੱਚ ਕੰਪਿਊਟਰ ਅਹਿਮ ਭੂਮਿਕਾ ਨਿਭਾ ਰਿਹਾ ਹੈ । ਕੰਪਿਊਟਰ ਬਹੁਤ ਤੇਜ ਰਫਤਾਰ ਨਾਲ ਕੰਮ ਕਰਦਾ ਹੈ ।ਕੰਪਿਊਟਰ ਸ਼ਬਦ ਲੇਟਿਨ ਭਾਸ਼ਾ ਦੇ ਸ਼ਬਦ "ਕੰਪਿਊਟਰੇ" ਤੋ ਲਿਆ ਗਿਆ ਹੈ ਜਿਸਦਾ ਅਰਥ ਹੈ "ਗਣਨਾਵਾਂ ਕਰਨਾ" । ਕੰਪਿਊਟਰ ਇਕ ਇਲੈਕਟ੍ਰੋਨਿਕ ਮਸ਼ੀਨ ਹੈ । ਇਹ ਡਾਟਾ ਅਤੇ ਹਦਾਇਤਾਂ ਪ੍ਰਾਪਤ ਕਰਦੀ ਹੈ ਅਤੇ ਪ੍ਰੋਸੈਸਿੰਗ ਤੋ ਬਾਅਦ ਆਊਟਪੁੱਟ ਦਿੰਦੀ ਹੈ ।ਕੰਪਿਊਟਰ ਦੀ ਵਰਤੋ ਕਈ ਖੇਤਰਾਂ ਵਿੱਚ ਜਿਵੇ :-ਬੈਕਾਂ ,ਵਪਾਰ,ਹਸਪਤਾਲਾ,ਸਕੂਲਾਂ,ਕਾਲਜਾਂ ,ਮਨੋਰੰਜਨ,ਖੇਡਾਂ ਆਦਿ ਕਈ ਖੇਤਰਾਂ ਵਿੱਚ ਕੀਤੀ ਜਾਂਦੀ ਹੈ ।ਕੰਪਿਊਟਰ ਆਪਣੇ ਆਪ ਕੋਈ ਫੈਸਲਾ ਨਹੀ ਕਰਦਾ,ਅਸੀ ਜੋ ਹਦਾਇਤਾਂ ਦੇਦੇ ਹਾਂ ਉਹ ਉਸਦੇ ਅਨੁਸਾਰ ਹੀ ਨਤੀਜੇ ਦੇਦਾਂ ਹੈ ।ਕੰਪਿਊਟਰ ਵਿੱਚ ਡਾਟਾ ਸਟੋਰ ਕਰਨ ਦੀ ਸਮਰੱਥਾ ਹੁੰਦੀ ਹੈ । ਕੰਪਿਊਟਰ ਬਹੁਤ ਸਾਰੇ ਕੰਮ ਬਹੁਤ ਤੇਜ ਰਫਤਾਰ ਨਾਲ ਮਿੰਟਾ ਸਕਿੰਟਾਂ ਵਿੱਚ ਕਰ ਸਕਦਾ ਹੈ । ਇਸਦੀ ਵਰਤੋ ਰੇਲਵੇ,ਬੱਸਾ ਅਤੇ ਹਵਾਈ ਜਹਾਜ ਦੀਆਂ ਟਿਕਟਾਂ ਬੁੱਕ ਕਰਨ ਲਈ ਕੀਤੀ ਜਾਂਦੀ ਹੈ। ਪੇਪਰਾ ਦੇ ਨਤੀਜੇ,ਟਾਈਮ ਟੇਬਲ ਬਣਾਉਣ,ਨੈਟ ਬੈਕਿੰਗ ਆਦਿ ਵਿੱਚ ਵਰਤੋ ਕੀਤੀ ਜਾਂਦੀ ਹੈ । ਈਮੇਲ ਇੰਟਰਨੈਟ ਦੀ ਮਹੱਤੇਵਪੂਰਨ ਸੁਵਿਧਾ ਹੈ । ਅਸੀ ਦੇਸ਼ ਵਿਦੇਸ਼ ਵਿੱਚ ਮਿੰਟਾਂ ਸਕਿੰਟਾ ਵਿੱਚ ਸੰਦੇਸ਼ ਭੇਜ ਸਕਦੇ ਹਾਂ । ਕੰਪਿਊਟਰ ਨੇ ਮਨੁੱਖ ਦੀ ਜਿੰਦਗੀ ਬਹੁਤ ਆਸਾਨ ਕਰ ਦਿੱਤੀ ਹੈ । ਜਿਵੇ ਕਿ ਅੱਜ ਦੇ ਹਾਲਾਤ ਕੋਰੋਨਾ ਮਹਾਮਾਰੀ ਨੇ ਜਿੰਦਗੀ ਨੂੰ ਠੱਪ ਕਰਕੇ ਰੱਖ ਦਿੱਤਾ ਹੈ ਉੱਥੇ ਕੰਪਿਊਟਰ ਇੰਟਰਨੈਟ ਦੀ ਆੱਨ ਲਾਈਨ ਸੁਵਿਧਾ ਨੇ ਜਿੰਦਗੀ ਦੇ ਕੰਮਕਾਰ ਚਲਾਉਣ ਵਿੱਚ ਮਦਦ ਕੀਤੀ ਹੈ ।ਅੱਜ ਹਰ ਕੰਮ ਆਨ ਲਾਈਨ ਹੋ ਰਿਹਾ ਹੈ । ਅੱਜ ਸਿੱਖਿਆ ਦੇ ਖੇਤਰ ਵਿਚ ਕੰਪਿਊਟਰ ਪੂਰੀ ਤਰਾਂ ਛਾਇਆ ਹੋਇਆ ਹੈ ।



ਮਨਿੰਦਰ ਕੋਰ
ਕੰਪਿਊਟਰ ਫੈਕਲਟੀ
ਸਰਕਾਰੀ ਹਾਈ ਸਕੂਲ ਭਿੱਟੇਵੱਡ
ਅੰਮ੍ਰਿਤਸਰ ।



## ਕੰਪਿਊਟਰ ਸਾਇੰਸ ਵਿਸ਼ੇ ਦੀਆਂ ਹੋਰ ਵਿਡੀਜ਼ ਵੇਖਣ ਵਾਸਤੇ ICT ਪਰਵਾਜ਼ ਦੇ ਯੂ ਟਿਊਬ

YouTube Subscribe

## ਚੈਨਲ ਨੂੰ ਸਬਸਕਾਈਬ ਜ਼ਰੂਰ ਕਰੋ।



ਇਹ ਮੈਗਜ਼ੀਨ ਸਿਰਫ਼ ਸਰਕਾਰੀ ਸਕੂਲਾਂ ਦੇ
ਅਧਿਆਪਕਾਂ ਅਤੇ ਵਿਦਿਆਰਥੀਆਂ ਵਾਸਤੇ ਹੈ।

# ICT- ਪਰਵਾਜ਼ ਦੀ ਨਵੀਂ ਪਹਿਲ

# ICT - ਮੈਗਜ਼ੀਨ

ਅਧਿਆਪਕ ਸਾਥੀਓ! ਕੰਪਿਊਟਰ ਵਿਸ਼ੇ ਨੂੰ ਹੋਰ ਰੋਚਕ ਬਣਾਉਣ ਵਾਸਤੇ ICT-ਪਰਵਾਜ਼ ਵੱਲੋਂ ICT-ਮੈਗਜ਼ੀਨ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੈਗਜ਼ੀਨ ਵਿੱਚ ਸਿਰਫ਼ ਕੰਪਿਊਟਰ ਵਿਸ਼ੇ ਨਾਲ ਸੰਬੰਧਤ ਲੇਖ, ਪੇਟਿੰਗ, ਪਜ਼ਲ ਗ਼ੇਮਜ਼, ਕਵਿਤਾਵਾਂ, ਆਦਿ ਛਾਪੇ ਜਾਣਗੇ।

ਆਪ ਸਭ ਅਧਿਆਪਕਾਂ ਨੂੰ ਬੇਨਤੀ ਹੈ ਕਿ ਮੈਗਜ਼ੀਨ ਵਾਸਤੇ ਆਪਣੀਆਂ ਅਤੇ ਆਪਣੇ ਸਕੂਲ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਤੁਸੀਂ ਹੇਠ ਲਿਖੇ ਈ-ਮੇਲ ਪਤੇ ਉੱਪਰ ਭੇਜ ਸਕਦੇ ਹੋ।

ਫਾਈਲ ਐਮ.ਐਸ.ਵਰਡ ਵਿੱਚ ਹੋਵੇ।

ਆਰਟੀਕਲ ਜਾਂ ਹੋਰ ਰਚਨਾ ਸਿਰਫ਼ ਪੰਜਾਬੀ ਜਾਂ ਅੰਗਰੇਜ਼ੀ ਭਾਸ਼ਾ ਵਿੱਚ ਹੋਵੇ।

ਪੰਜਾਬੀ ਦਾ ਫੌਂਟ ਅਨਮੋਲਲਿਪੀ ਜਾਂ ਯੂਨੀਕੋਡ ਹੀ ਵਰਤਿਆ ਜਾਵੇ ਜੀ।

**ictparwaaz@gmail.com**



COVID-19
#StayAtHome